ISSN 0972-2335

# ਅੰਮ੍ਰਿਤ ਕੀਰਤਨ

## ਜਨਵਰੀ 2017



ਰੇ ਮਨ ਐਸੋ ਕਰ ਸੰਨਿਆਸਾ॥

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥ ਰਹਾਉ॥

ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥

ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥

ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥ (ਰਾਮਕਲੀ ਪਾਤਸ਼ਾਹੀ ੧੦)

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-
Posting Date 01 January 2017

# ਬ੍ਰਿਹੋਂ ਕੁੱਠੀ ਦੀ ਸਿੱਕ

ਤਿਨ੍ਹਾਂ ਅਮਨ ਨਸੀਬਾਂ ਕਿੱਥੇ,

    ਜਿਨ੍ਹਾਂ ਲਗੀ ਪ੍ਰੇਮ ਦੀ ਕਾਤੀ।

ਫਿਰਦੇ ਫਿਰਨ ਸ਼ੁਦਾਈਆਂ ਵਾਂਗੂ,


    ਚੈਨ ਨਹੀਂ ਦਿਨ ਰਾਤੀ।

ਮਿਹਰ ਕਰੇ ਉਹ ਭੁੱਲਾਂ ਬਖ਼ਸ਼ੇ,

    ਦੇਵੇ ਚਰਨ ਟਿਕਾਣਾ।

ਸੰਤੋਖ ਮਨ ਵਿਚ ਖੇੜਾ ਆਵੇ,

    ਮਿਹਰਾਂ ਦੀ ਮਾਰੇ ਝਾਤੀ।



# बिरहों कुट्ठी दी सिक्क

तिन्हां अमन नसीबां कित्थे,

    जिन्हां लगी प्रेम दी काती।

फिरदे फिरन  ुदाईयां वांगूं,

    चैन नहीं दिन रातीं।

मेहर करे ओह भुल्लां बख़् ो,

    देवे चरण टिकाणा।

संतोख मन विच खेड़ा आवे,

    मेहरां दी मारे झाती।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਇਕ ਕਾਪੀ 15 ਰੁ.,
  ਦੇਸ਼ ਸਾਲਾਨਾ ਚੰਦਾ 150 ਰੁ.
  ਜੀਵਨ ਮੈਂਬਰ ਚੰਦਾ 1500 ਰੁ.
- ▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸੰਪਾਦਕੀ : ਕਰਉ ਬੇਨੰਤੀਆ 4
ਮੇਰੀ ਰੌਚਕੇਲਾ ਕੀਰਤਨ ਯਾਤਰਾ

ਇਕ ਅਨੋਖਾ ਰਹਿਤਨਾਮਾ 6
-ਡਾ. ਜਾਗੀਰ ਸਿੰਘ

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ 14
-ਬਬਲੀ ਐਸ. ਸਿੰਘ

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘਰਤਨ 18
ਭਾਈ ਗੁਰਮੀਤ ਸਿੰਘ ਜੋਸ਼

ਰਾਗ ਗਉੜੀ ਮਾਲਾ ਭੈਰਵੀ ਥਾਟ 22
-ਉਸਤਾਦ ਸੁਰਜੀਤ ਸਿੰਘ

ਸ਼ਬਦ ਅਰਥ 23


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order

# ਕਰਉ ਬੇਨੰਤੀਆ

## ਮੇਰੀ ਰੌੜਕੇਲਾ ਕੀਰਤਨ ਯਾਤਰਾ

ਇਹ ਗੱਲ ਸ਼ਾਇਦ 1979 ਦੀ ਹੈ। ਮੈਂ ਗੁਰਦੁਆਰਾ 19 ਸੈਕਟਰ ਚੰਡੀਗੜ੍ਹ ਦੇ ਦਫਤਰ ਵਿੱਚ ਗਿਆ ਤਾਂ ਉਥੋਂ ਕਲਰਕ ਸਾਹਿਬ ਨੇ ਦਿੱਲੀ ਦੇ ਬੜੇ ਪ੍ਰਸਿੱਧ ਰਾਗੀ ਦੀ ਇੱਕ ਚਿੱਠੀ ਪੜ੍ਹਨ ਲਈ ਦਿੱਤੀ। ਚਿੱਠੀ ਵਿੱਚ ਲਿਖਿਆ ਸੀ ਕਿ ਇਸ ਵਾਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਕੀਰਤਨ ਪ੍ਰੋਗਰਾਮ ਅਸੀਂ ਅਜੇ ਕਿਤੇ ਨਹੀਂ ਮੰਨੇ। ਜੇ ਤੁਸੀਂ ਇਹ ਸੇਵਾ ਸਾਨੂੰ ਬਖਸ਼ੋਗੇ ਤਾਂ ਧੰਨਵਾਦੀ ਹੋਵਾਂਗੇ। ਬੱਸ ਮੈਨੂੰ ਇੱਕ ਵਿਚਾਰ ਮਿਲ ਗਿਆ ਤੇ ਮੈਂ ਵੀ ਉਸ ਉੱਤੇ ਅਮਲ ਕਰ ਲਿਆ। ਅੰਤਰਦੇਸੀ ਪੱਤਰ ਉੱਤੇ ਆਪਣਾ ਨਾਮ ਯੋਗਤਾ ਅਤੇ ਕੀਰਤਨ ਕਰਨ ਦਾ ਤਜਰਬਾ ਛਾਪ ਕੇ ਭਾਰਤ ਦੇ ਗੁਰਦੁਆਰਾ ਸਾਹਿਬਾਨ ਨੂੰ ਉਸੇ ਤਰ੍ਹਾਂ ਦਾ ਪੱਤਰ ਪਾਉਣ ਲਈ ਤਿਆਰ ਕਰ ਲਿਆ। ਪੱਤਰ ਵਿੱਚ ਮੈਂ ਟਾਈਪ ਕਰ ਲਿਆ ਕਿ ਅਸੀਂ ਅਜੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਪ੍ਰੋਗਰਾਮ ਕਿਤੇ ਨਹੀਂ ਮੰਨੇ ਜੇ ਤੁਸੀ ਆਪਣੇ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਦਾ ਮੌਕਾ ਦਿਓਗੇ ਤਾਂ ਧੰਨਵਾਦੀ ਹੋਵਾਂਗੇ। ਇੱਕ ਸੌ ਪੱਤਰ ਤਿਆਰ ਕਰ ਲਿਆ ਤੇ ਐਡਰੈਸ ਸਕੱਤਰ ਸਾਹਿਬ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਅੱਗੇ ਕਿਸੇ ਪ੍ਰਸਿੱਧ ਸ਼ਹਿਰ ਦਾ ਨਾਮ ਲਿਖ ਕੇ ਪੱਤਰ ਪੋਸਟ ਕਰ ਦਿੱਤੇ। ਉਦੋਂ ਰੌੜਕੇਲਾ ਤੋਂ ਪੱਤਰ ਆਇਆ ਉਹਨਾਂ ਭੇਟਾ ਬਾਰੇ ਪੁੱਛਿਆ ਤਾਂ ਮੈਂ ਇਹ ਗੱਲ ਪ੍ਰਬੰਧਕਾਂ ਤੇ ਹੀ ਛੱਡ ਦਿੱਤੀ ਆਉਣ ਜਾਣ ਦੀਆਂ ਰੇਲ ਦੀਆਂ ਟਿਕਟਾਂ ਬੁੱਕ ਕਰਵਾਉਣ ਲਈ ਮਾਇਆ ਜ਼ਰੂਰ ਮੰਗਵਾ ਲਈ। ਕੁਝ ਸਮੇਂ ਬਾਅਦ ਮਾਇਆ ਆ ਗਈ ਤੇ ਅਸੀਂ ਰੇਲ ਰਾਹੀਂ ਗੁਰਪੁਰਬ ਤੋਂ ਤਿੰਨ ਦਿਨ ਪਹਿਲਾਂ ਰੌੜਕੇਲਾ ਪਹੁੰਚ ਗਏ। ਉੱਥੇ ਸ੍ਰ ਬਖਸ਼ੀਸ਼ ਸਿੰਘ ਜੀ ਨੇ ਸਾਡੀ ਰਿਹਾਇਸ਼ ਦਾ ਬਹੁਤ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਮੇਰੇ ਨਾਲ ਉੱਦੋਂ ਤਬਲੇ ਪ੍ਰੋ. ਮੋਹਨ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਸਨ ਤੇ ਹਰਮੋਨੀਅਮ ਤੇ ਮੇਰਾ ਵਿਦਿਆਰਥੀ ਇੰਦਰਜੀਤ ਸਿੰਘ ਬੇਦੀ ਸੀ। ਉਥੋਂ ਦੀਆਂ ਦੋ ਘਟਨਾਵਾਂ ਯਾਦ ਹਨ ਜੋ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ। ਗੁਰਪੁਰਬ ਵਾਲੇ ਦਿਨ ਬੜੇ ਵਿਸ਼ਾਲ ਪੱਧਰ ਤੇ ਲੰਗਰ ਤਿਆਰ ਕੀਤਾ ਹੋਇਆ ਸੀ। ਜਦੋਂ ਅਸੀਂ ਕੀਰਤਨ ਕਰਨ ਜਾ ਰਹੇ ਸਾਂ ਤਾਂ ਲੰਗਰ ਵਾਲੇ ਸਥਾਨ ਤੇ ਇੱਕ ਸੇਵਾਦਾਰ ਲੋਕਲ ਬਾਸ਼ਿੰਦਿਆਂ ਨੂੰ ਦੂਰ ਭਜਾ ਰਿਹਾ ਸੀ ਅਤੇ ਸਿੱਖ ਸੰਗਤਾਂ ਨੂੰ ਲੰਗਰ ਛਕਣ ਲਈ ਹਾਲ ਅੰਦਰ ਭੇਜ ਰਿਹਾ ਸੀ। ਮੈਂ ਉਹਨੂੰ ਪੁਛਿਆ ਕਿ ਇਹਨਾਂ ਗਰੀਬਾਂ ਨੂੰ ਅੰਦਰ ਕਿਉਂ ਨਹੀਂ ਜਾਣ ਦੇ ਰਹੇ ਤਾਂ ਉਹਨੇ ਕਿਹਾ ਕਿ ਪ੍ਰਬੰਧਕਾਂ ਦਾ ਹੁਕਮ ਹੈ ਪਹਿਲਾਂ ਸੰਗਤਾਂ ਲੰਗਰ ਛਕਣਗੀਆ ਫਿਰ ਇਹਨਾਂ ਨੂੰ ਦਿਆਂਗੇ। ਅਸੀਂ ਕੀਰਤਨ ਕਰਨ ਲਈ ਬੈਠੇ ਤਾਂ ਮੈਂ ਪਹਿਲਾਂ ਬੇਨਤੀ ਕਰ ਦਿੱਤੀ। ਅੱਜ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਹੈ ਤੇ ਅਸੀਂ ਉਹਨਾਂ ਦੇ ਉਪਦੇਸ਼ ਤੇ ਅਮਲ ਕਰਨਾਂ ਹੈ। ਉਹਨਾਂ ਨੇ ਵੀਹ ਰੁਪਇਆਂ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾਇਆ ਸੀ। ਇਹ ਸੋਭਾ ਨਹੀਂ ਦਿੰਦਾ ਕਿ ਅਸੀਂ ਆਪ ਹੀ ਲੰਗਰ ਤਿਆਰ ਕਰੀਏ ਤੇ ਆਪ ਹੀ ਪਹਿਲਾਂ ਛਕ ਲਈਏ। ਪਹਿਲਾਂ ਉਹਨਾਂ ਲੋਕਲ ਗਰੀਬ ਗੁਰਬੇ ਨੂੰ ਲੰਗਰ ਛਕਾਇਆ ਜਾਣਾ ਚਾਹੀਦਾ ਫਿਰ ਬਾਅਦ ਵਿੱਚ ਆਪ ਛਕਣਾ ਚਾਹੀਦਾ ਹੈ। ਉਦੋਂ ਉਹਨਾਂ ਪ੍ਰਬੰਧਕਾਂ ਨੇ ਮੇਰੀ ਬੇਨਤੀ ਮੰਨ ਲਈ ਤੇ ਪਹਿਲਾਂ ਗੈਰ ਸਿੱਖ ਲੋਕਾਂ ਨੂੰ ਲੰਗਰ ਛਕਾਇਆ ਸੀ। ਸ਼ਾਇਦ ਹੁਣ ਵੀ ਉਥੇ ਇਸੇ ਤਰ੍ਹਾਂ ਹੁੰਦਾ ਹੋਵੇ।

ਦੂਜੀ ਘਟਨਾ ਇਸ ਤਰ੍ਹਾਂ ਹੈ। ਉਥੇ ਹੀ ਦੂਜੇ ਗੁਰਦੁਆਰਾ ਸਾਹਿਬ ਵਿੱਚ ਅਸੀਂ ਕੀਰਤਨ ਕਰਨ ਗਏ ਤਾਂ ਕਿਸੇ ਪ੍ਰਸੰਗ ਵਿੱਚ ਮੈਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ। ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।

ਕੀਰਤਨ ਸਮਾਪਤੀ ਤੋਂ ਬਾਅਦ ਉਥੇ ਦੇ ਸਕੱਤਰ ਸਾਹਿਬ ਨੇ ਮੇਰੀ ਸਿਫਤ ਕਰਦਿਆਂ ਕਹਿ ਦਿੱਤਾ ਕਿ ਭਾਈ ਸਾਹਿਬ ਨੇ ਕੀਰਤਨ ਤਾਂ ਬਹੁਤ ਚੰਗਾ ਕੀਤਾ ਹੈ ਪਰ ਇਹਨਾਂ ਗਲਤੀ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਕਹਿ ਦਿੱਤਾ ਹੈ।ਮੇਰੇ ਤੋਂ ਰਿਹਾ ਨਾ ਗਿਆ ਮੈਂ ਸੰਗਤ ਵਿੱਚ ਹੀ ਕਹਿ ਦਿੱਤਾ ਕਿ ਇਸ ਗੱਲ ਨੂੰ ਆਪਾਂ ਹੁਣੇ ਹੀ ਸਪਸ਼ਟ ਕਰ ਲੈਂਦੇ ਹਾਂ।ਮੈਂ ਤਾਬਿਆ ਬੈਠੇ ਭਾਈ ਸਾਹਿਬ ਨੂੰ ਕਿਹਾ ਕਿ ਸਲੋਕ ਵਾਰਾਂ ਤੇ ਵਧੀਕ ਮਹਲਾ ਪਹਿਲਾ ਵਾਲਾ ਪੰਨਾ ਦੇਖੋ। ਭਾਈ ਸਾਹਿਬ ਨੇ ਪੰਨਾ ਕੱਢ ਕੇ ਵੀਹਵਾਂ ਸਲੋਕ ਪੜ੍ਹ ਕੇ ਸੁਣਾ ਦਿੱਤਾ ਸੰਗਤਾਂ ਵਿੱਚੋਂ ਹੀ ਕਿਸੇ ਨੇ ਜੈ ਕਾਰਾ ਬੁਲਾ ਦਿੱਤਾ। ਇੱਕ ਸੱਜਣ ਉਠ ਕੇ ਕਹਿਣ ਲੱਗਾ ਸਕੱਤਰ ਨੂੰ ਮੁਆਫੀ ਮੰਗਣੀ ਚਾਹੀਦੀ ਹੈ।ਸਕੱਤਰ ਸਾਹਿਬ ਦਾ ਚਿਹਰਾ ਬਹੁਤ ਮਾਯੂਸ ਜਿਹਾ ਜਾਪਣ ਲੱਗ ਪਿਆ। ਮੈਂ ਸਮਾਂ ਸੰਭਾਲਦਿਆਂ ਸੰਗਤ ਨੂੰ ਕਿਹਾ -ਪਿਆਰੀ ਸਾਧ ਸੰਗਤ ਜੀ, ਇਸ ਵਿੱਚ ਸਕੱਤਰ ਜੀ ਦਾ ਕੋਈ ਦੋਸ਼ ਨਹੀਂ। ਮੈਂ ਵੀ ਪਹਿਲਾਂ ਇਸ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਬਾਣੀ ਮੰਨਦਾ ਰਿਹਾ ਹਾਂ। ਅਸਲ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਭਿੰਨ ਭਿੰਨ ਕਰਕੇ ਸਮਝਦੇ ਰਹੇ ਹਾਂ। ਇਸੇ ਕਰਕੇ ਇਤਿਹਾਸਕਾਰਾਂ ਨੇ ਵੀ ਕਿਹਾ ਹੈ -

ਭਿੰਨ ਭਿੰਨ ਸਬਹੂ ਕਰ ਜਾਨਾ।
ਏਕ ਰੂਪ ਕਿਨਹੂ ਹੀ ਮਾਨਾ।

ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਵਨਾਤਮਕ ਏਕਤਾ ਨੂੰ ਵੀ ਮੈਂ ਬੜੀ ਦੇਰ ਨਾਲ ਹੀ ਸਮਝਿਆ। ਪਹਿਲਾਂ ਮੈਂ ਸਮਝਦਾ ਰਿਹਾ-

ਗਗਨ ਦਮਾਮਾ ਬਾਜਿਓ ਪਰਿਓ ਨਿਸਾਨੈ ਘਾਓ।
ਖੇਤੁ ਜੁ ਮਾਡਿਓ ਸੂਰਮਾਂ ਅਬ ਜੂਝਨ ਕੋ ਦਾਉ।
ਸੂਰਾ ਸੋ ਪਹਚਾਨੀਐ ਜੋ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੇ ਕਬਹੁ ਨ ਛਾਡੇ ਖੇਤ।

ਇਹ ਸਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਪਰ ਅਸਲ ਵਿੱਚ ਇਹ ਸਲੋਕ ਭਗਤ ਕਬੀਰ ਜੀ ਦਾ ਹੈ। ਧੰਨ ਹਨ ਸਾਡੇ ਗੁਰੂ ਸਾਹਿਬਾਨ ਜਿਹਨਾਂ ਨੇ ਭਿੰਨ ਭਿੰਨ ਪ੍ਰਾਂਤਾਂ, ਜਾਤਾਂ ਧਰਮਾਂ ਨਾਲ ਸਬੰਧਤ ਮਹਾਂ ਪੁਰਖਾਂ ਦੀ ਬਾਣੀ ਨੂੰ ਇੱਕ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕਰਕੇ ਸਾਨੂੰ ਮਹਾਂ ਪੁਰਖਾਂ ਦੀ ਭਾਵਨਾਮਤਕ ਏਕਤਾ ਤੋਂ ਜਾਣੂ ਕਰਵਾਇਆ। ਮੈਂ ਸਕੱਤਰ ਸਾਹਿਬ ਦੀ ਜਿਗਿਆਸੂ ਬਿਰਤੀ ਦੀ ਸ਼ਲਾਘਾ ਕਰਦਾ ਹਾਂ। ਇਸ ਗੱਲ ਨਾਲ ਸੰਗਤ ਵਿੱਚ ਮਾਹੌਲ ਕਾਫੀ ਸੁਖਾਵਾਂ ਹੋ ਗਿਆ।ਇਸ ਘਟਨਾ ਰਾਹੀਂ ਮੈਨੂੰ ਸਕੱਤਰ ਸਾਹਿਬ ਜਿਹਾ ਵਧੀਆ ਦੋਸਤ ਮਿਲ ਗਿਆ।

ਅੱਜ ਮੇਰਾ ਦਿਲ ਰੌੜਕੇਲਾ ਦੀ ਸੰਗਤ ਦਾ ਧੰਨਵਾਦ ਕਰਨ ਨੂੰ ਦਿਲ ਕਰਦਾ ਹੈ ਜਿਹਨਾਂ ਦੇ ਹਵਾਲੇ ਸਦਕਾ ਇਤਨੀਆਂ ਗੱਲਾਂ ਬਾਤਾਂ ਹੋ ਗਈਆਂ। ਭੁਲ ਚੁਕ ਖਿਮਾ

# ਇਕ ਅਨੋਖਾ ਰਹਿਤਨਾਮਾ

ਡਾ. ਜਾਗੀਰ ਸਿੰਘ

'ਰਹਿਤਨਾਮਾ' ਸ਼ਬਦ ਸਿੱਖ ਸਾਹਿਤ ਦੀ ਇਕ ਖਾਸ ਵਿਧਾ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹਨਾਂ ਦੀ ਰਚਨਾ ਆਮ ਤੌਰ 'ਤੇ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਮੰਨੀ ਜਾਂਦੀ ਹੈ। ਬਹੁਤੇ ਰਹਿਤ-ਨਾਮਿਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸਮੇਂ-ਸਮੇਂ ਜੋ ਉਪਦੇਸ਼ ਦਿੱਤੇ ਉਹਨਾਂ ਦੇ ਆਧਾਰ 'ਤੇ ਹਜ਼ੂਰੀ ਸਿੱਖਾਂ ਨੇ ਰਹਿਤਨਾਮਿਆਂ ਦੀ ਰਚਨਾ ਕੀਤੀ। ਇਹਨਾਂ ਰਹਿਤਨਾਮਿਆਂ ਤੋਂ ਸਿੱਖਾਂ ਨੂੰ ਕੁਝ ਕੰਮ ਕਰਨ ਅਤੇ ਕੁਝ ਦੇ ਨਾ ਕਰਨ ਦਾ ਉਪਦੇਸ਼ ਮਿਲਦਾ ਹੈ। ਗੁਰਸਿੱਖ ਦੀ ਪਛਾਣ ਆਮ ਤੌਰ 'ਤੇ ਇਹਨਾਂ ਰਹਿਤਨਾਮਿਆਂ ਦੀ ਕਸਵੱਟੀ ਅਨੁਸਾਰ ਹੀ ਕੀਤੀ ਜਾਂਦੀ ਹੈ। ਸਮਾਂ ਬੀਤਣ ਨਾਲ ਇਹਨਾਂ ਰਹਿਤਨਾਮਿਆਂ ਦੀਆਂ ਕੁਝ ਗੱਲਾਂ ਓਪਰੀਆਂ ਜਾਪਣ ਲੱਗ ਪਈਆਂ ਹਨ। ਪਰ ਇਹ ਰਹਿਤਨਾਮੇ ਅਜੇ ਵੀ ਸਾਡੇ ਜੀਵਨ ਤੇ ਇਤਨੇ ਪ੍ਰਭਾਵਸ਼ਾਲੀ ਹਨ ਕਿ ਕਈ ਵਾਰ ਅਸੀਂ ਗੁਰਬਾਣੀ ਦੇ ਸਿਧਾਂਤਾਂ ਤੋਂ ਵੀ ਪਹਿਲਾਂ ਇਹਨਾਂ ਵੱਲ ਧਿਆਨ ਦਿੰਦੇ ਹਨ। ਚਾਹੀਦਾ ਦਾ ਇਹ ਹੈ ਕੇ ਇਹਨਾਂ ਰਹਿਤਨਾਮਿਆਂ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਗੁਰਬਾਣੀ ਅਨੁਸਾਰ ਕੀਤਾ ਜਾਵੇ ਪਰ ਅਸੀਂ ਆਮ ਤੌਰ 'ਤੇ ਗੁਰਬਾਣੀ ਸਿਧਾਂਤਾਂ ਦੀ ਵਿਆਖਿਆ ਇਹਨਾਂ ਰਹਿਤਨਾਮਿਆਂ ਦੇ ਆਧਾਰ 'ਤੇ ਕਰਨ ਲੱਗ ਪੈਂਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਸਿੱਖ ਲਈ ਬੜੇ ਸਪੱਸ਼ਟ ਨਿਰਦੇਸ਼ ਦਿੱਤੇ ਹਨ। ਖਾਸ ਕਰਕੇ ਰਾਮਕਲੀ ਰਾਗ ਵਿਚ ਰਚਿਆ "ਰੇ ਮਨ ਐਸੋ ਕਰ ਸੰਨਿਆਸਾ" ਵਾਲਾ ਸ਼ਬਦ ਤਾਂ ਆਪਣੇ ਆਪ ਵਿਚ ਇਕ ਰਹਿਤਨਾਮਾ ਹੀ ਹੈ। ਇਸ ਪਰਿਪੇਖ ਤੋਂ ਇਸ ਸ਼ਬਦ ਦੇ ਅਰਥ ਵਿਸਥਾਰ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥੧॥ ਰਹਾਉ ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥

ਰਾਗ ਰਾਮਕਲੀ ਜੋਗੀਆ ਦਾ ਮਨ ਭਾਉਂਦਾ ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਧ-ਗੋਸਟਿ ਵੀ ਰਾਗ ਰਾਮਕਲੀ ਵਿਚ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨਿਆਸ ਬਾਰੇ ਸ਼ਬਦ ਦਾ ਉਚਾਰਨ ਰਾਮਕਲੀ ਵਿਚ ਉਚਿਤ ਸਮਝਿਆ ਹੈ। ਗੁਰੂ ਸਾਹਿਬ ਰਾਗ ਅਤੇ ਕਾਵਿ ਦੇ ਸੰਬੰਧ ਤੋਂ ਸੁਚੇਤ ਸਨ। ਇਸ ਗੱਲ ਦਾ ਪ੍ਰਮਾਣ ਇਸ ਰਾਗ ਵਿਚ ਰਚੇ ਇਕ ਹੋਰ ਸ਼ਬਦ ਤੋਂ ਵੀ ਮਿਲ ਜਾਂਦਾ ਹੈ। ਉਸ ਸ਼ਬਦ ਦੀ ਪਹਿਲੀ ਤੁਕ ਹੈ-'ਰੇ ਮਨ ਇਹ ਬਿਧਿ ਜੋਗ ਕਮਾਓ ॥'

ਵਿਚਾਰ ਅਧੀਨ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ:

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥

ਇਹ ਸਾਰਾ ਸ਼ਬਦ ਮਨ ਨੂੰ ਸੰਬੋਧਤ ਕੀਤਾ ਗਿਆ ਹੈ। ਕਾਵਿ ਸੰਸਾਰ ਵਿਚ ਇਹ ਵਿਧੀ ਆਮ ਪ੍ਰਚਲਤ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ 'ਮਨ ਰੇ' ਮਨ ਮੇਰੇ, ਮੇਰੇ ਮਨ ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ ਜੇ ਕਿਸੇ ਨੂੰ ਸਿੱਧਾ ਹੀ ਕੁਝ ਕਰਨ ਲਈ ਕਿਹਾ ਜਾਵੇ ਤਾਂ ਉਹ ਉਪਦੇਸ਼ ਪ੍ਰਤੀ ਚੰਗਾ ਪ੍ਰਭਾਵ ਨਹੀਂ ਰੱਖਦਾ ਸਗੋਂ ਉਹ ਸਮਝਦਾ ਹੈ ਕਿ ਉਪਦੇਸ਼ਕ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਇਸ ਲਈ ਗੁਰੂ ਸਾਹਿਬ ਆਪਣੇ ਆਪ ਨੂੰ ਉਪਦੇਸ਼ ਦਿੰਦੇ ਹਨ। ਵਿੱਦਿਆ ਪ੍ਰਣਾਲੀਆਂ ਵਿਚ ਅੱਜ ਕੱਲ ਉਪਦੇਸ਼ਾਤਮਕ ਵਿਧੀ ਨੂੰ ਠੀਕ ਨਹੀਂ ਸਮਝਿਆ ਜਾਂਦਾ। ਜਿਹੜਾ ਅਧਿਆਪਕ ਸੰਬੰਧਤ ਸਿੱਖਿਆ ਲੈਣ-ਦੇਣ ਵਿਚ ਆਪ ਸ਼ਾਮਲ ਹੋ ਕੇ ਨਾਲ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ ਉਸ ਨੂੰ ਚੰਗੇਰਾ ਅਧਿਆਪਕ ਗਿਣਿਆ ਜਾਂਦਾ ਹੈ। ਇਸ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਇਕ ਚੰਗੇਰੀ ਵਿਧੀ ਅਨੁਸਾਰ ਸਿੱਖਿਆ ਦੇਣ ਦਾ ਜਤਨ ਕਰ ਰਹੇ ਹਨ।

ਪਹਿਲੀ ਤੁਕ ਵਿਚ ਗੁਰੂ ਜੀ ਇਕ ਖਾਸ ਤਰ੍ਹਾਂ ਦਾ ਸੰਨਿਆਸ ਧਾਰਨ ਕਰਨ ਲਈ ਕਹਿ ਰਹੇ ਹਨ। ਸੰਨਿਆਸਾ ਸ਼ਬਦ ਨਾਲ 'ਐਸੋ' ਸ਼ਬਦ ਲੱਗਾ ਹੋਇਆ ਹੈ 'ਰੇ ਮਨ ਐਸੋ ਕਰ ਸੰਨਿਆਸਾ' ਜੋ ਉਸ ਨੂੰ ਆਮ ਸੰਨਿਆਸ ਨਾਲੋਂ ਵੱਖਰਾ ਕਰਦਾ ਹੈ। ਭਾਰਤੀ ਅਚਾਰੀਆਂ ਨੇ ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ ਉਸ ਦੇ ਚਾਰ ਭਾਗ ਕੀਤੇ ਹਨ। ਪਹਿਲਾ ਬ੍ਰਹਮਚਰਜ, ਦੂਜਾ ਗ੍ਰਹਿਸਥ, ਤੀਜਾ ਬਾਨਪ੍ਰਸਤ, ਚੌਥਾ ਸੰਨਿਆਸ। ਆਦਰਸ਼ਕ ਸਮਾਜ ਲਈ ਇਹ ਵੰਡ ਚੰਗੀ ਸੀ। ਪਰ ਇਹ ਇਸੇ ਤਰ੍ਹਾਂ ਕਾਇਮ ਨਹੀਂ ਰਹੀ। ਕੁਝ ਲੋਕ ਤਾਂ ਪਹਿਲੀ ਉਮਰੇ ਹੀ ਸਮਾਜ ਦੇ ਝਮੇਲਿਆਂ ਤੋਂ ਇੰਨੇ ਤੰਗ ਆ ਜਾਂਦੇ ਸਨ ਕਿ ਸੰਨਿਅਸੀ ਬਣ ਕੇ ਰਹਿ ਜਾਂਦੇ ਸਨ। ਕੁਝ ਲੋਕ ਬੁੱਢੇ ਵਾਰੇ ਵੀ ਗ੍ਰਹਿਸਥ ਦੇ ਚੱਕਰਾਂ ਵਿਚ ਫਸੇ ਰਹਿੰਦੇ ਸਨ। ਗੁਰੂ ਸਾਹਿਬ ਇਸ ਸੰਨਿਆਸ ਨੂੰ ਨਕਾਰਦੇ ਹੋਏ ਆਪਣੇ ਖਾਸ ਸੰਨਿਆਸ ਦੀ ਗੱਲ ਕਰਦੇ ਹਨ। ਪਹਿਲੇ ਸੰਨਿਆਸੀ ਘਰ ਨੂੰ ਛੱਡ ਕੇ ਜੰਗਲਾਂ ਵਿਚ ਜਾਦੇ ਸਨ ਅਤੇ ਸੰਸਾਰ ਵੱਲੋਂ ਉਦਾਸੀਨ ਬਿਰਤੀ ਧਾਰਨ ਕਰਦੇ ਸਨ ਪਰ ਗੁਰੂ ਸਾਹਿਬ ਕਹਿੰਦੇ ਹਨ:

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

ਭਾਵ ਆਪਣੇ ਮਨ ਵਿਚ ਇਸ ਸੰਸਾਰ ਤੋਂ ਉਦਾਸੀ ਜਾਂ ਵਿਰਕਤਤਾ ਧਾਰਨ ਕਰਕੇ ਸਦਨ ਭਾਵ ਘਰ ਨੂੰ ਹੀ ਜੰਗਲ ਸਮਝ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਸਿੱਧਾਂ ਨੇ ਪੁੱਛਿਆ ਕਿ ਮੁਕਤੀ ਕਿਵੇਂ ਮਿਲ ਸਕਦੀ ਹੈ ਤਾਂ ਉਹਨਾਂ ਉੱਤਰ ਦਿੱਤਾ ਸੀ :

ਜੈਸੇ ਜਲ ਮਹਿ ਕਮਲੁ ਨਿਰਾਮਲੁ ਮੁਰਗਾਈ ਨੈਸਾਣੇ।

ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ। (ਆਦਿ ਗ੍ਰੰਥ, ਪੰਨਾ ੯੩੮)

ਗੁਰੂ ਸਾਹਿਬਾਨ ਉਚੇਰੀ ਅਵਸਥਾ ਪ੍ਰਾਪਤ ਕਰਨ ਲਈ ਜੰਗਲ ਜਾਣ ਦੀ ਲੋੜ ਨਹੀਂ ਸਮਝਦੇ। ਉਹ ਤਾਂ ਇਸ ਸੰਸਾਰ (ਸਮਾਜ) ਨੂੰ ਹੀ ਪਰਮਾਤਮਾ ਦਾ ਰੂਪ ਮੰਨਦੇ ਹਨ ਅਤੇ ਇਸਦੀ ਸੇਵਾ ਕਰਨ ਨੂੰ ਹੀ ਉਹ ਪਰਮਾਤਮਾ ਦੀ ਭਗਤੀ ਗਿਣਦੇ ਹਨ:

ਪਰ ਅਜਿਹਾ ਕਰਨ ਲਈ ਆਪਣੇ ਨਿੱਜ ਦਾ ਮੋਹ, ਹਉਮੈ, ਸਵਾਰਥ ਆਦਿ ਭਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਇਹੀ ਗੁਰੂ ਸਾਹਿਬਾਨ ਦਾ ਉਦਾਸੀ ਭਾਵ ਹੈ। ਜੇ ਇਹ ਭਾਵ ਮਨ ਵਿਚ ਆ ਜਾਵੇ ਤਾਂ ਘਰ ਵੀ ਜੰਗਲ ਬਣ ਸਕਦਾ ਹੈ। ਸੰਸਾਰਕ ਵਸਤਾਂ ਨਾ ਚੰਗੀਆਂ ਹਨ ਨਾ ਮਾੜੀਆਂ। ਉਹਨਾਂ ਨਾਲ ਤੁਹਾਡਾ ਰਿਸ਼ਤਾ ਉਹਨਾਂ ਨੂੰ ਚੰਗਾ ਜਾਂ ਮਾੜਾ ਬਣਾਉਂਦਾ ਹੈ। ਜੇ ਤੁਸੀਂ ਉਹਨਾਂ ਉੱਤੇ ਆਪਣੀ ਮਾਲਕੀ ਮਨ ਕੇ ਉਹਨਾਂ ਦੀ ਰਾਖੀ ਲਈ ਹੀ ਆਪਣੀ ਉਮਰ ਗੁਆ ਦਿੰਦੇ ਹੋ ਤਾਂ ਇਹ ਵਸਤਾਂ ਮਾੜੀਆਂ ਹਨ ਪਰ ਜੇ ਤੁਸੀਂ ਉਹਨਾਂ ਦਾ ਪ੍ਰਯੋਗ ਸਮਾਜ ਸੇਵਾ ਲਈ ਕਰਦੇ ਹੋ ਤਾਂ ਇਹੀ ਵਸਤਾਂ ਚੰਗੀਆਂ ਬਣ ਜਾਂਦੀਆਂ ਹਨ। ਇਹੀ ਹਾਲ ਘਰ ਦਾ ਹੈ। ਘਰ ਮਨੁੱਖ ਦੇ ਵਿਕਾਸ ਲਈ ਬਣਿਆ ਹੈ ਪਰ ਜੇ ਮਨੁੱਖ ਕੇਵਲ ਆਪਣੇ ਘਰ ਵਿਚ ਹੀ ਖਚਤ ਹੋ ਕੇ ਰਹਿ ਜਾਵੇ ਤਾਂ ਘਰ ਮਾੜਾ ਬਣ ਜਾਂਦਾ ਹੈ ਪਰ ਜੇ ਇਹੋ ਘਰ ਸਮਾਜ ਸੇਵਾ ਦਾ ਕੇਂਦਰ ਬਣ ਜਾਵੇ ਤਾਂ ਇਹ ਚੰਗਾ ਬਣ ਜਾਂਦਾ ਹੈ। ਗੁਰੂ ਸਾਹਿਬ ਘਰ ਨੂੰ ਜੰਗਲ ਸਮਝਣ ਦੀ ਹਦਾਇਤ ਕਰਦੇ ਹਨ।

## ਜਤ ਕੀ ਜਟਾ ਜੋਗ ਕੋ ਮਜਨ ਨੇਮ ਕੇ ਨਖਨ ਬਢਾਓ

ਸੰਨਿਆਸੀ ਲੋਕ ਜਟਾਵਾਂ ਧਾਰਨ ਕਰਦੇ ਹਨ। ਸਾਡੇ ਸਮਾਜ ਵਿਚ ਕੇਸਾਂ ਨੂੰ ਸੁਆਰਨਾ ਸਭਿਅਤਾ ਜਾਂ ਗ੍ਰਹਿਸਥ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਸੰਨਿਆਸੀ ਲੋਕ ਕੰਘਾ ਕਰਨਾ ਛੱਡ ਭਾਵ ਗ੍ਰਹਿਸਥ ਤਿਆਗ ਕੇ ਕੇਸਾਂ ਦੀਆਂ ਜਟਾਵਾਂ ਬਣਾ ਲੈਂਦੇ

ਹਨ। ਪਰ ਗੁਰੂ ਸਾਹਿਬ ਉਸ ਸੰਨਿਆਸੀ ਨੂੰ ਜਿਹੜਾ ਆਪਣੇ ਮਨ ਵਿਚ ਉਦਾਸ ਧਾਰਨ ਕਰਦਾ ਹੈ ਅਤੇ ਘਰ ਨੂੰ ਜੰਗਲ ਸਮਝਦਾ ਹੈ, ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਕਹਿੰਦੇ ਹਨ ਇੱਥੇ 'ਜਤ' ਜੋਗੀਆਂ ਵਾਲਾ ਜਤ ਨਹੀਂ, ਕਿ ਆਪਣੀਆਂ ਇੱਛਾਵਾਂ ਨੂੰ ਬਿਲਕੁਲ ਖਤਮ ਹੀ ਕਰ ਲਓ। ਇਥੇ ਜਤ ਦਾ ਅਰਥ ਆਪਣੀਆਂ ਇੱਛਾਵਾਂ ਨੂੰ ਕਾਬੂ ਕਰਨ ਤੋਂ ਹੈ। ਇਸੇ ਕਰਕੇ ਗੁਰਮਤਿ ਵਿਚ 'ਏਕਾ ਨਾਰੀ ਜਤੀ ਸੋਇ' ਦਾ ਸੰਕਲਪ ਦਿੱਤਾ ਗਿਆ ਹੈ। ਗੁਰਬਾਣੀ ਵਿਚ ਲਿਖਿਆ ਹੈ:

ਜਤਨ ਕਰੇ ਬਿੰਦੁ ਕਿਵੇ ਨ ਰਹਾਈ। ਮਨੂਆ ਡੋਲੈ ਨਰਕੇ ਪਾਈ। (ਆਦਿ ਗ੍ਰੰਥ, ਪੰਨਾ ੯੦੬)

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹਨਾਂ ਤੁਕਾਂ ਦਾ ਭਾਵ ਇਹ ਹੈ ਕਿ ਕਿਤਨੇ ਹੀ ਜਤਨ ਕਰੋ ਵੀਰਯ ਰੁਕ ਨਹੀਂ ਸਕਦਾ। ਇਸ ਕਰਕੇ ਹਠ ਨਾਲ ਬਿੰਦੂ ਰੋਕਣ ਵਾਲੇ ਨੂੰ ਜਤੀ ਕਹਿਣਾ ਉਚਿਤ ਨਹੀਂ।ਜੋ ਗ੍ਰਿਹਸਥੀ ਹੋ ਕੇ ਪਰ ਇਸਤਰੀ ਵੱਲ ਮੰਦੀ ਨਜ਼ਰ ਕਰਦਾ ਹੈ ਉਹ ਤਾਂ ਜਤੀ ਦੀ ਪੱਦਵੀ ਤੋਂ ਮੁੱਢੋਂ ਹੀ ਦੂਰ ਹੈ, ਕਿਉਂਕਿ ਉਸ ਨੇ ਗ੍ਰਿਹਸਥ ਆਸ਼ਰਮ ਦੀ ਰਹਿਣੀ ਗੁਰ ਸ਼ਬਦ ਦੁਆਰਾ ਨਹੀਂ ਜਾਣੀ। ਗੁਰਮੁਖ ਮਹਾਂਪੁਰਖਾਂ ਨੇ ਜਤ ਦਾ ਤੱਤ ਵਿਚਾਰਿਆ ਹੈ ਅਰਥਾਤ ਨਾ ਉਹ ਹਠ ਕਰਕੇ ਵੀਰਯ ਰੋਕ ਕੇ ਗ੍ਰਹਿਸਥ ਦੇ ਤਿਆਗੀ ਹਨ ਅਤੇ ਨਾ ਵਿਸ਼ਯ ਲੰਪਟ ਹੋ ਕੇ ਇਸਤੀਵ੍ਰਤ ਤੋਂ ਪਤਿਤ ਹੁੰਦੇ ਹਨ।

(ਗੁਰਮਤਿ ਸੁਧਾਕਰ, ਪੰਨਾ 386)

ਭਾਈ ਗੁਰਦਾਸ ਜੀ ਜਤੀ ਸ਼ਬਦ ਦਾ ਅਰਥ - ਵਿਸਥਾਰ ਕਰਦਿਆਂ ਕਹਿੰਦੇ ਹਨ ਕਿ ਜਿਸ ਨੇ ਆਪਣੀ ਹਉਮੈ ਨੂੰ ਮਾਰ ਲਿਆ ਹੈ ਉਹ ਜਤੀ ਹੈ:

ਗੁਰਮੁਖ ਜਤੀ ਸਲਾਹੀਅਨ ਜਿਨ ਹਉਮੈ ਮਾਰੀ। (ਵਾਰ ੩੮ ਪਉੜੀ ੭)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਵਿਸ਼ੇਸ਼ ਸੰਨਿਆਸ ਲਈ ਵਿਸ਼ੇਸ਼ ਤਰ੍ਹਾਂ ਦੇ ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਉਪਦੇਸ਼ ਦਿੰਦੇ ਹਨ। ਇਸੇ ਤੁਕ ਵਿਚ ਦੂਸਰਾ ਲੱਛਣ ਦੱਸਿਆ ਹੈ- ਜੋਗ ਕੋ ਮਜਨ, ਮਜਨ ਦਾ ਅਰਥ ਹੈ ਇਸ਼ਨਾਨ ਕਰਨਾ।ਭਾਰਤ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਦੱਸਿਆ ਗਿਆ ਹੈ।ਜੋਗੀ ਲੋਕ ਜਾਂ ਜਿਹੜੇ ਘਰ-ਬਾਰ ਤਿਆਗ ਦਿੰਦੇ ਹਨ ਉਹਨਾਂ ਨੂੰ ਹੋਰ ਕੋਈ ਕੰਮ ਨਹੀ਼ ਸੀ ਹੁੰਦਾ। ਉਹ ਆਪਣੀ ਉਮਰ ਤੀਰਥਾਂ ਤੇ ਇਸ਼ਨਾਨ ਕਰਦਿਆਂ ਹੀ ਲੰਘਾ ਦਿੰਦੇ ਸਨ। ਇਸ ਇਸ਼ਨਾਨ ਦਾ ਮੰਤਵ ਸਰੀਰ ਦੀ ਸਫਾਈ ਨਹੀਂ ਸੀ ਸਗੋਂ ਕੇਵਲ ਇੱਕ ਤਰ੍ਹਾਂ ਦਾ ਧਾਰਮਕ ਭਰਮ ਸੀ ਕਿ ਇਹਨਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮੁਕਤੀ ਮਿਲ ਜਾਂਦੀ ਹੈ। ਪਰ ਗੁਰੂ ਗੋਬਿੰਦ ਸਿੰਘ ਜੋਗ ਰੂਪੀ ਇਸ਼ਨਾਨ ਕਰਨ ਲਈ ਉਪਦੇਸ਼ ਕਰਦੇ ਹਨ। ਜੋਗ ਦਾ ਅਰਥ ਹੈ ਜੋੜਨਾ ਜਾਂ ਜੁੜਨਾ। ਭਾਵ ਪਰਮਾਤਮਾ ਨਾਲ ਜੁੜਨਾ। ਆਪਣੇ ਆਪ ਨੂੰ ਸੰਸਾਰ ਨਾਲੋਂ ਤੋੜ ਕੇ ਪਰਮਾਤਮਾ ਨਾਲ ਜੋੜਨਾ। ਜੋਗੀ ਲੋਗ ਇਸ ਸੰਸਾਰ ਤੋਂ ਆਪਣੇ ਆਪ ਨੂੰ ਵਿਰਕਤ ਕਰਨ ਲਈ ਕਈ ਤਰ੍ਹਾਂ ਦੇ ਆਸਣ ਕਰਦੇ ਸਨ ਪਰ ਗੁਰਮਤਿ ਵਿਚ- ਅਜਿਹੇ ਜੋਗ ਨੂੰ ਉਚਿਤ ਲਈ ਸਮਝਿਆ ਗਿਆ :

ਸਿਧਾਂ ਕੇ ਆਸਣ ਜੇ ਸਿਖੇ ਇੰਦ੍ਰੀ ਵਸਿ ਕਰਿ ਕਮਾਇ ॥

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨਾ ਜਾਇ ॥ (ਆਦਿ ਗ੍ਰੰਥ, ਪੰਨਾ ੫੫੮)

ਗੁਰੂ ਨਾਨਕ ਦੇਵ ਜੀ ਘਰ ਹੀ ਵਿਚ ਜੋਗੀ ਹੋਣ ਨੂੰ ਦ੍ਰਿੜ੍ਹ ਕਰਦਿਆਂ ਫੁਰਮਾਉਂਦੇ ਹਨ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । (ਆਦਿ ਗ੍ਰੰਥ, ਪੰਨਾ ੧੩੦)

ਸੰਨਿਆਸੀ ਲੋਕ ਨਹੁੰ ਨਹੀਂ ਸੀ ਕੱਟਦੇ ਸ਼ਾਇਦ ਇਸ ਪਿੱਛੇ ਭਾਵਨਾਂ ਕਰੂਪ ਦਿਸਣ ਦੀ ਹੀ ਹੋਏਗੀ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੰਨਿਆਸ ਵਿੱਚ ਨੇਮ ਦੇ ਨਹੁੰ ਵਧਾਉਣ ਲਈ ਕਿਹਾ ਗਿਆ ਹੈ। ਆਪਣੇ ਜੀਵਨ ਨੂੰ ਨਿਯਮਬੱਧ ਕਰਨਾ ਸਿੱਖ ਸੰਨਿਆਸੀ ਲਈ ਜ਼ਰੂਰੀ ਹੈ । ਸਿੱਖ ਨੇ ਆਪਣੇ ਜੀਵਨ ਨੂੰ ਸਹਿਜ ਅਵਸਥਾ ਵਿਚ ਰੱਖ ਕੇ ਨਿਯਮਬੱਧ ਕਰਨਾ ਹੈ। ਗੁਰਬਾਣੀ ਵਿੱਚ ਸਿੱਖ ਲਈ ਰੋਜ਼ਾਨਾ ਜੀਵਨ ਦੀ ਇੱਕ ਰਹਿਣੀ ਦੱਸੀ ਗਈ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ

ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।... (ਆਦਿ ਗ੍ਰੰਥ, ਪੰਨਾ ੩੦੫)

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ

ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਦੀ ਬੜੀ ਮਹੱਤਤਾ ਰਹੀ ਹੈ। ਆਮ ਕਹਾਵਤ ਹੈ ਕਿ ਗੁਰੂ ਬਿਨਾਂ ਗਤ ਨਹੀਂ । ਗੁਰਬਾਣੀ ਵਿੱਚ ਵਾਕ ਮਿਲਦਾ ਹੈ। 'ਨਿਗੁਰੇ ਕਾ ਹੈ ਨਾਉ ਬੁਰਾ।' ਪਰ ਦੇਹਧਾਰੀ ਗੁਰੂ ਦੇ ਜਿੱਥੇ ਲਾਭ ਸਨ ਉਥੇ ਹਾਨੀਆਂ ਵੀ ਸਨ। ਲਾਭ ਤਾਂ ਇਹ ਸਨ ਕਿ ਦੇਹਧਾਰੀ ਗੁਰੂ ਕੋਲੋਂ ਅਸੀਂ ਆਪਣੀਆਂ ਨਿਤ ਦੀਆਂ ਸਮੱਸਿਆਵਾਂ ਬਾਰੇ ਵੀ ਅਗਵਾਈ ਲੈ ਸਕਦੇ ਸਾਂ। ਉਹ ਸਾਨੂੰ ਹਰ ਸਮੇਂ ਚੰਗੇ ਮਾੜੇ ਬਾਰੇ ਦੱਸ ਸਕਦਾ ਸੀ। ਪਰ ਦੇਹਧਾਰੀ ਗੁਰੂ ਕਈ ਵਾਰ ਡੋਲ ਵੀ ਜਾਂਦੇ ਸਨ। ਉਹ ਕਈ ਵਾਰ ਆਪਣੇ ਸਵਾਰਥ ਲਈ ਲੋਕਾਂ ਨੂੰ ਠੀਕ ਰਾਹ ਪਾਉਣ ਦੀ ਬਜਾਇ ਗਲਤ ਰਾਹ ਵੀ ਪਾ ਦਿੰਦੇ ਸਨ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਭਾਵੇਂ ਆਦਰਸ਼ਕ ਗੁਰੂ ਵਾਲਾ ਬਿਤਾਇਆ ਪਰ ਉਹਨਾਂ ਨੇ ਗੁਰੂ, ਗੁਰਵਾਕ ਭਾਵ ਗੁਰਬਾਣੀ ਨੂੰ ਹੀ ਮੰਨਿਆ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।

ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ। (ਆਦਿ ਗ੍ਰੰਥ, ਪੰਨਾ ੯੮੨)

ਸੋ ਸਿੱਖ ਸੰਨਿਆਸੀ ਦੇਹਧਾਰੀ ਗੁਰੂ ਧਾਰਨ ਨਹੀਂ ਕਰਦਾ ਸਗੋਂ ਗਿਆਨ ਰੂਪੀ ਗੁਰੂ ਰਾਹੀ਼ ਆਪਣੀ ਆਤਮਾ ਨੂੰ ਉਪਦੇਸ਼ ਕਰਦਾ ਹੈ। ਸੰਨਿਆਸੀ ਆਪਣੇ ਸਰੀਰ ਤੇ ਸੁਆਹ ਜਾਂ ਬਿਭੂਤੀ ਵੀ ਮਲਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਨਾਮ ਦੀ ਬਿਭੂਤੀ ਲਾਉਣ ਲਈ ਕਹਿੰਦੇ ਹਨ। ਗੁਰਬਾਣੀ ਵਿੱਚ 'ਨਾਮ' ਦਾ ਅਰਥ ਪਰਮਾਤਮਾ ਹੈ। ਵੈਸੇ ਵਿਸ਼ੇਸ਼ਣਾਂ ਵਜੋਂ ਉਸ ਦੇ ਅਨੇਕ ਨਾਮ ਹਨ। ਜਦੋਂ ਮਨੁੱਖ ਪਰਮਾਤਮਾ ਦੇ ਗੁਣਾਂ ਰੂਪੀ ਨਾਵਾਂ ਨੂੰ ਵਾਰ ਵਾਰ ਯਾਦ ਕਰਦਾ ਹੈ ਤਾਂ ਉਸ ਵਿੱਚ ਵੀ ਉਹ ਗੁਣ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਜਿਹੜੇ ਉਸ ਨੂੰ ਪਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਜਪੁਜੀ ਵਿੱਚ ਗੁਰੂ ਨਾਨਕ ਜੀ ਦਾ ਫੁਰਮਾਨ ਹੈ :

ਭਰੀਐ ਮਤਿ ਪਾਪਾ ਕੈ ਸੰਗਿ ।

ਓਹ ਧੋਪੈ ਨਾਵੈ ਕੇ ਰੰਗਿ ।

ਨਾਮ ਦੀ ਬਿਭੂਤੀ ਮਨੁੱਖੀ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦੀ ਮੈਲ ਨੂੰ ਧੋ ਦਿੰਦੀ ਹੈ।

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ

ਸੰਨਿਆਸੀ ਲੋਕ ਭੁੱਖ ਨੂੰ ਮਾਰਨ ਲਈ ਕਈ ਕਈ ਦਿਨ ਵਰਤ ਰੱਖਦੇ ਸਨ। ਦੂਸਰੇ ਪਾਸੇ ਕਈ ਗ੍ਰਿਹਸਥੀ ਲੋੜ ਨਾਲੋਂ ਵਧੇਰੇ ਖਾਂਦੇ ਸਨ। ਗੁਰੂ ਸਾਹਿਬ ਨੇ ਵਿਚਕਾਰਲਾ ਰਸਤਾ-ਧਾਰਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਥੋੜ੍ਹਾ ਖਾਣਾ ਅਤੇ ਥੋੜ੍ਹਾ ਸੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਦਸਦੇ ਹਨ :

ਓਨੀ ਦੁਨੀਆਂ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ ॥ (ਆਦਿ ਗ੍ਰੰਥ, ਪੰਨਾ ੪੩੭)

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਵੀ ਅਜਿਹੀ ਜੀਵਨ ਜੁਗਤ ਦੇ ਸੰਕੇਤ ਮਿਲਦੇ ਹਨ :

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥ (ਵਾਰ ੧੨ ਪਉੜੀ ੫)

ਅਤੇ

ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।

ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ।

ਥੋੜ਼ਾ ਬੋਲਣ ਬੋਲਿ ਨ ਝਖਿ ਝਖਾਇਆ।

ਥੋੜੀ ਰਾਤੀਂ ਨੀਂਦ ਨ ਮੋਹਿ ਫਹਾਇਆ । (ਵਾਰ ੨੦, ਪਉੜੀ ੧੫)

ਪਿਛਲ ਰਾਤੀਂ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜਾਏ ।

ਮਿਠਾ ਬੋਲਣ ਨਿਵ ਚਲਣ ਹਥਹੁ ਦੇ ਕੈ ਭਲਾ ਮਨਾਏ।

ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤ ਪਾਏ।

ਭਾਈ ਸੰਤੋਖ ਸਿੰਘ ਜੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਕਲਮਬੱਧ ਕਰਦਿਆਂ ਇਸ ਗੱਲ ਨੂੰ ਹੋਰ ਸਪਸ਼ੱਟ ਕਰਦੇ ਹਨ :

ਛੁਧਾ ਬਿਨਾ ਨਹਿ ਖੈ ਬੋ ਕਰੇ।

ਨੀਂਦ ਬਿਨਾ ਨਹਿ ਸੁਪਤਨ ਪਰੈ।

ਛੁਧ ਬਿਨ ਖਾਇ ਰੋਗ ਉਪਜਾਵੈ।

ਜੋ ਸੁਪਤੇ ਨਿਜ ਅਵਧਿ ਘਟਾਵੈ।

(ਗੁਰ ਪ੍ਰਤਾਪ ਸੂਰਜ, ਰਾਗ ੧, ਅਧਿਆਇ 64)

ਗੁਰਸਿੱਖ ਰੂਪੀ ਸੰਨਿਆਸੀ ਆਪਣੇ ਮਨ ਵਿੱਚ ਦਇਆ ਭਾਵ ਲਿਆਵੇ। ਇਸ ਧਰਤੀ ਤੇ ਵਿਚਰਨ ਲੱਗਿਆਂ, ਸਮਾਜ ਵਿੱਚ ਰਹਿੰਦਿਆਂ ਦਇਆ ਬੜਾ ਅਹਿਮ ਜਜ਼ਬਾ ਹੈ। ਜੇ ਇਹ ਜਜ਼ਬਾ ਨਾ ਹੋਵੇ ਤਾਂ ਸਮਾਜ ਦੇ ਤਹਿਸ-ਨਹਿਸ ਹੋ ਜਾਣ ਦਾ ਖਤਰਾ ਬਣ ਜਾਂਦਾ ਹੈ। ਦਇਆ ਦਾ ਭਾਵ ਆਪੇ ਨੂੰ, ਸਵਾਰਥ ਨੂੰ ਗੁਆਉਣ ਉਪਰੰਤ ਹੀ ਪੈਦਾ ਹੁੰਦਾ ਹੈ। ਜਦੋਂ ਮਨੁੱਖ ਸਵਾਰਥ ਛੱਡ ਕੇ ਕਿਸੇ ਦੂਜੇ ਲਈ ਕੰਮ ਕਰਦਾ ਹੈ ਤਾਂ ਉਹ ਕੰਮ ਦਇਆ ਵੱਸ ਹੋ ਕੇ ਕੀਤਾ ਗਿਆ ਸਮਝਿਆ ਜਾਂਦਾ ਹੈ। ਧਾਰਮਕ ਖੇਤਰ ਵਿੱਚ ਦਇਆ ਨੂੰ ਧਰਮ ਦੀ ਮਾਂ ਕਿਹਾ ਜਾਂਦਾ ਹੈ:

ਧੌਲ ਧਰਮੁ ਦਇਆ ਕਾ ਪੂਤੁ (ਆਦਿ ਗ੍ਰੰਥ, ਪੰਨਾ ੧੨)

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਵੀ ਦਇਆ ਦੀ ਗੱਲ ਕਰਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਹਿ ।

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ-ਦਾਨੁ ਕਰੇਇ। (ਆਦਿ ਗ੍ਰੰਥ, ਪੰਨਾ ੪੬੮)

ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 118 'ਤੇ ਇਹਨਾਂ ਤੁਕਾਂ ਦੇ ਅਰਥਾਂ ਵਿੱਚ ਦਇਆ ਭਾਵ ਸਪਸ਼ਟ ਕਰਦੇ ਹਨ; ਕਿ "ਜੀਵਾਂ ਉੱਤੇ ਦਇਆ ਕਰਨ ਦੀ ਜੁਗਤ ਜਾਣ ਸੱਪ, ਠੂੰਹੇ, ਸ਼ੇਰ-ਬਘਿਆੜ ਅਤੇ ਹਲਕਾਏ ਕੁੱਤਿਆਂ ਆਦਿ ਉੱਤੇ ਦਇਆ ਕਰਕੇ ਪਾਪ ਦਾ ਭਾਗੀ ਨਾ ਬਣੇ ਅਤੇ ਜੀਵ ਮਾਰਨ ਦੇ ਭੈ ਤੋਂ ਜੁੱਤੀ ਤਿਆਗ ਕੇ ਮੂੰਹ ਤੇ ਪੱਟੀ ਨਾ ਬੰਨ੍ਹ ਬੈਠੇ। ਇਸ ਤਰ੍ਹਾਂ ਹੀ ਆਪਣੇ ਅਧੀਨ ਜੀਵਾਂ ਨੂੰ ਭੁੱਖ, ਤ੍ਰੇਹ ਅਤੇ ਬੇਰਹਿਮਾਂ ਦੇ ਵਰਤਾਉ ਰੂਪ ਕਲੇਸ਼ ਤੋਂ ਬਚਾਉਣ ਦਾ ਸ਼ਕਤੀ ਭਰ ਜਤਨ ਕਰੇ।" ਦਇਆ ਤੋਂ ਬਿਨਾਂ ਧਰਮ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਜਦੋਂ ਕਲਜੁਗ ਵਿੱਚ ਸਮਾਜ ਦੀ ਹਾਲਤ ਦੱਸਦੇ ਹਨ ਤਾਂ ਉਹ ਇਸ ਨੁਕਤੇ ਵੱਲ ਵਿਸ਼ੇਸ਼ ਸੰਕੇਤ ਦਿੰਦੇ ਹਨ :

ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ।

ਆਪੇ ਪਟੀ ਕਲਮਿ ਆਪਿ ਆਪ ਲਿਖਣਿਹਾਰਾ ਹੋਆ।

ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਹੋਆ।

ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਦਿਨਿ ਰੋਆ।

ਬਾਝ ਦਇਆ ਬਲਹੀਣ ਹੋਇ ਨਿਘਰ ਚਲੇ ਰਸਾਤਲਿ ਟੋਆ ।

ਗੁਰੂ ਗੋਬਿੰਦ ਸਿੰਘ ਜੀ ਨੇ ਇੰਨੇ ਜੰਗ ਯੁੱਧ ਕੀਤੇ ਪਰ ਉਹਨਾਂ ਨੇ ਦਇਆ ਭਾਵ ਨੂੰ ਅੱਖੋਂ ਓਹਲੇ ਨਹੀਂ ਕੀਤਾ। ਕਹਿੰਦੇ ਹਨ ਕਿ ਉਹਨਾਂ ਦੇ ਤੀਰਾਂ ਨੂੰ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ। ਉਹਨਾਂ ਦੇ ਤੀਰ ਨਾਲ ਜੇ ਕਿਸੇ ਦਾ ਦੇਹਾਂਤ ਹੋ ਜਾਵੇ ਤਾਂ ਉਸ ਸੋਨੇ ਨਾਲ ਉਸ ਦਾ ਕਿਰਿਆ ਕਰਮ ਅਤੇ ਉਹ ਸੋਨਾ ਉਸ ਦੇ ਬਾਲ-ਬੱਚੇ ਦੇ ਕੰਮ ਵੀ ਆ ਸਕਦਾ ਸੀ। ਜੇ ਤੀਰ ਨਾਲ ਕੋਈ ਫੱਟੜ ਹੋ ਜਾਵੇ ਤਾਂ ਉਸਦਾ ਇਲਾਜ ਵੀ ਉਸ ਸੋਨੇ ਨਾਲ ਹੋ ਸਕਦਾ ਸੀ। ਦਇਆ ਦੇ ਨਾਲ ਖਿਮਾ ਦਾ ਗੁਣ ਵੀ ਅਜਿਹੇ ਸੰਨਿਆਸੀ ਲਈ ਜ਼ਰੂਰੀ ਹੈ। ਸਮਾਜ ਵਿੱਚ ਆਮ ਤੌਰ 'ਤੇ ਬਦਲੇ ਦੀ ਭਾਵਨਾ ਅਧੀਨ ਬਹੁਤ ਸਾਰੇ ਕੰਮ ਹੁੰਦੇ ਹਨ। ਲੋਕ ਪੀੜ੍ਹੀਆਂ ਤੱਕ ਇਕ ਦੂਜੇ ਦੇ ਦੁਸ਼ਮਣ ਬਣੇ ਰਹਿੰਦੇ ਹਨ। ਗੁਰੂ ਸਾਹਿਬ ਦਸੱਦੇ ਹਨ ਕਿ ਦਇਆ ਅਤੇ ਖਿਮਾਂ ਨੂੰ ਪ੍ਰੀਤ ਕਰਕੇ ਭਾਵ ਇਹਨਾਂ ਗੁਣਾਂ ਨੂੰ ਧਾਰਨ ਕਰਕੇ ਸਿੱਖ ਖਾਸ ਤਰ੍ਹਾਂ ਦਾ ਸੰਨਿਆਸੀ ਬਣੇ।

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ

ਸੀਲ ਸ਼ਬਦ ਦੇ ਕਈ ਅਰਥ ਹਨ-ਮਨਨ ਕਰਨਾ, ਮਨ ਟਿਕਾਉਣਾ, ਅਭਿਆਸ ਕਰਨਾ, ਇਸ ਦਾ ਅਰਥ ਸੱਭਅ, ਸ਼ਿਸ਼ਟਾਚਾਰ ਆਦਿ ਵੀ ਕੀਤਾ ਜਾਂਦਾ ਹੈ। ਗੁਰੂ ਸਾਹਿਬ ਇਹ ਗੁਣ ਵੀ ਧਾਰਨ ਕਰਨ ਦਾ ਉਪਦੇਸ਼ ਕਰਦੇ ਹਨ। ਸੰਤੋਖ ਨੂੰ ਨਿਭਾਉਣ ਲਈ ਵੀ ਹੁਕਮ ਹੈ। ਸੰਤੋਖ ਇੱਕ ਧਾਗੇ ਹੈ ਵਾਂਗ ਜਿਸ ਵਿੱਚ ਸਮਾਜ ਦੀ ਮਾਲਾ ਪਰੋਈ ਹੋਈ ਹੈ। ਜਪੁਜੀ ਦੀਆਂ ਤੁਕਾਂ ਫਿਰ ਪੜ੍ਹ-ਵਾਚੀਏ :

ਧੌਲ ਧਰਮ ਦਇਆ ਕਾ ਪੂਤੁ।

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ। (ਆਦਿ ਗ੍ਰੰਥ, ਪੰਨਾ ੩)

ਇਸ ਸੰਬੰਧ ਵਿੱਚ ਗੁਰਬਾਣੀ ਵਿੱਚ ਹੋਰ ਵੀ ਅਨੇਕ ਤੁਕਾਂ ਵੀ ਵਿਚਾਰਨਯੋਗ ਹਨ :

ਸਹਸ ਖਟੇ ਲਖ ਕਉ ਉਠਿ ਧਾਵੈ।

ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।

ਅਨਿਕ ਭੋਗ ਬਿਖਿਆ ਕੇ ਕਰੈ।

ਨਹ ਤ੍ਰਿਪਤਾਵੈ ਖਪਿ ਖਪਿ ਮਰੈ।

ਬਿਨ ਸੰਤੋਖ ਨਹੀਂ ਕੋਊ ਰਾਜੈ

ਸੁਪਨ ਮਨੋਰਥ ਬਿਰਥੇ ਸਭ ਕਾਜੈ। (ਆਦਿ ਗ੍ਰੰਥ, ਪੰਨਾ ੨੭੮)

-ਸਤੁ ਸੰਤੋਖ ਦਇਆ ਕਮਾਵੈ ਏਹ ਕਰਣੀ ਸਾਰ । (ਆਦਿ ਗ੍ਰੰਥ, ਪੰਨਾ ੫੧)

-ਸਤ ਸੰਤੋਖਿ ਰਹਹੁ ਜਨ ਭਾਈ।

ਖਿਮਾ ਗਹਹੁ ਸਤਗੁਰ ਸਰਣਾਈ (ਆਦਿ ਗ੍ਰੰਥ, ਪੰਨਾ ੧੦੩੦)

–ਸਤੁ ਸੰਤੋਖਿ ਦਇਆ ਧਰਮ ਸੀਗਾਰ ਬਨਾਵਉ। (ਆਦਿ ਗ੍ਰੰਥ, ਪੰਨਾ ੮੨੨)

–ਸਤ ਸੰਤੋਖ ਸਦਾ ਸਚ ਪਲੈ ਸਚ ਬੋਲੈ ਪਿਰ ਪਾਏ। (ਆਦਿ ਗ੍ਰੰਥ, ਪੰਨਾ ੭੬੪)

ਜਿਸ ਕਾਰਜ ਵਿੱਚ ਸਤ, ਸੰਤੋਖ, ਦਇਆ ਅਤੇ ਧਰਮ ਹੋਵੇ ਉਸ ਨੂੰ ਉੱਤਮ ਦੱਸਿਆ ਗਿਆ ਹੈ ਅਤੇ ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿਹੜੇ ਗੁਰੂ ਭਾਵ ਗੁਰਬਾਣੀ ਵੱਲ ਮੂੰਹ ਕਰੀ ਬੈਠੇ ਹਨ ਭਾਵ ਉਸ ਨੂੰ ਸੁਣਦੇ, ਪੜ੍ਹਦੇ ਅਤੇ ਵਿਚਾਰਦੇ ਹਨ :

–ਜਿਤ ਕਾਰਜ ਸਤ ਸੰਤੋਖਿ ਦਇਆ ਧਰਮੁ ਹੈ
ਗੁਰਮੁਖਿ ਬੂਝੇ ਕੋਈ। (ਆਦਿ ਗ੍ਰੰਥ, ਪੰਨਾ ੩੫੧)

– ਸੰਤੋਖ ਆਇਆ ਮਨ ਪੂਰਾ ਪਾਇ।
ਫਿਰ ਫਿਰ ਮਾਗਨ ਕਾਹੇ ਜਾਇ । (ਆਦਿ ਗ੍ਰੰਥ, ਪੰਨਾ ੮੯੧)

ਸੰਤੋਖ ਕਾਰਨ ਹੀ ਬੰਦਾ ਆਪਣੇ ਸਵਾਰਥ ਤੋਂ ਮੁਕਤ ਹੋ ਸਕਦਾ ਹੈ।

ਤ੍ਰਿਗੁਣ ਸ਼ਬਦ ਮਾਇਆ ਵਾਸਤੇ ਪ੍ਰਯੋਗ ਕੀਤਾ ਜਾਂਦਾ ਹੈ। ਇਥੇ ਉਪਦੇਸ਼ ਹੈ ਕਿ ਮਾਇਆ ਤੋਂ ਰਹਿਤ ਹੋਵੇ :

ਪਰਹਰਿ ਕਾਮ ਕ੍ਰੋਧ ਝੂਠ ਨਿੰਦਾ ਤਜ ਮਾਇਆ ਅਹੰਕਾਰ ਚੁਕਾਵੈ।
ਤਜਿ ਕਾਮ ਕਾਮਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨ ਪਾਵੈ। (ਆਦਿ ਗ੍ਰੰਥ, ਪੰਨਾ ੧੪੧)

ਕਾਮ ਕਰੋਧ ਹੰਕਾਰ ਲੋਭ ਹਠ ਮੋਹ ਨਾ ਮਨ ਸਿਉ ਲਿਆਵੈ

ਗੁਰੂ ਸਾਹਿਬ ਨੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜਾ ਵਿਕਾਰਾਂ ਦੇ ਨਾਲ–ਨਾਲ ਹਠ ਨੂੰ ਵੀ ਸ਼ਾਮਲ ਕੀਤਾ ਏ ਅਤੇ ਇਸ ਤੋਂ ਵੀ ਬਚਣ ਦਾ ਉਪਦੇਸ਼ ਕੀਤਾ ਹੈ। ਇਹਨਾਂ ਵਿਕਾਰਾਂ ਬਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਥਾਵਾਂ ਤੇ ਜ਼ਿਕਰ ਇਸ ਪ੍ਰਕਾਰ ਹੈ :

–ਸਾਧੋ ਮਨ ਕਾ ਮਾਨੁ ਤਿਆਗਉ ।
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਤੇ ਅਹਿਨਿਸ ਭਾਗੋ। (ਆਦਿ ਗ੍ਰੰਥ, ਪੰਨਾ ,੨੧੯)

–ਦੁਤੀਆ, ਦੁਰਮਤਿ ਦੂਰਿ ਕਰ ਗੁਰ ਸੇਵਾ ਕਰਿ ਨੀਤ ।
ਰਾਮ ਰਤਨੁ ਮਨਿ ਤਨਿ ਬਸੈ ਤਜ ਕਾਮ ਕ੍ਰੋਧ ਲੋਭੁ ਮੀਤ ।
(ਆਦਿ ਗ੍ਰੰਥ, ਪੰਨਾ ,੨੯੬)

–ਗੁਰ ਕੇ ਚਰਣ ਕਮਲ ਨਮਸਕਾਰਿ ।
ਕਾਮੁ ਕ੍ਰੋਧੁ ਇਸ ਤਨ ਤੇ ਮਾਰਿ ।
(ਆਦਿ ਗ੍ਰੰਥ, ਪੰਨਾ ,੮੬੬)

–ਛੋਡਹੁ ਕਾਮ ਕ੍ਰੋਧ ਬੁਰਿਆਈ।
ਹਉਮੈਂ ਧੰਧ ਛੋਡਹੁ ਲਪਟਾਈ।

(ਆਦਿ ਗ੍ਰੰਥ, ਪੰਨਾ ,੧੦੨੬)

ਗੁਰੂ ਅਮਰਦਾਸ ਜੀ ਉਸ ਵਿਅਕਤੀ ਨੂੰ ਅਸਲੀ ਬਹਾਦਰ ਤੇ ਸੂਰਮਾ ਗਿਣਦੇ ਹਨ ਜਿਸਨੇ ਆਪਣੇ ਆਪ ਵਿਚੋਂ ਹੰਕਾਰ ਨੂੰ ਖਤਮ ਕਰ ਲਿਆ ਹੈ :

ਨਾਨਕ, ਸੋ ਸੂਰਾ ਵਰਿਆਮੁ ਜਿਨ ਵਿਚਹੁ ਦੁਸਟੁ ਅਹੰਕਰਣੁ ਮਾਰਿਆ।

(ਆਦਿ ਗ੍ਰੰਥ, ਪੰਨਾ ,੮੬)

ਜਿਵੇਂ ਕਿ ਪਹਿਲਾਂ ਦੱਸ ਚੁੱਕੇ ਹਾਂ ਕਿ ਹਠ ਨੂੰ ਗੁਰੂ ਸਾਹਿਬ ਨੇ ਪੰਜ ਵਿਕਾਰਾਂ ਦੇ ਨਾਲ ਹੀ ਸ਼ਾਮਲ ਕੀਤਾ ਹੈ। ਲੋਕ ਗ੍ਰਹਿਸਥ ਤਿਆਗ ਕੇ ਹਠ ਨਾਲ ਆਪਣੀਆਂ ਵਾਸ਼ਨਾਵਾਂ ਨੂੰ ਮਾਰਨ ਦੇ ਰਾਹ ਪੈਂਦੇ ਸਨ। ਇਹ ਵੀ ਉਨਾਂ ਹੀ ਮਾੜਾ ਹੈ ਜਿੰਨਾ ਕਿ ਭੋਗ ਵਾਲਾ ਰਾਹ। ਗੁਰੂ ਸਾਹਿਬ ਸਹਿਜ ਦਾ ਰਾਹ ਦਸੱਦੇ ਹਨ ਕਿ ਗ੍ਰਹਿਸਥ ਦੇ ਵਿੱਚ ਉਦਾਸੀ ਦੀ ਭਾਵਨਾ ਹੋਵੇ। ਇਸ ਨੂੰ ਸਹਿਜ ਜੋਗ ਵੀ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਹਠ ਬਾਰੇ ਫੁਰਮਾਉਂਦੇ ਹਨ :

ਹਠੁ ਕਰਿ ਮਰੈ ਨ ਲੇਖੈ ਪਾਵੈ।

(ਆਦਿ ਗ੍ਰੰਥ, ਪੰਨਾ ,੨੨੬)

ਹਠ ਨਾਲ ਜੇ ਕਿਸੇ ਨੇ ਬ੍ਰਹਮਚਰਜ ਧਾਰਨ ਕੀਤਾ ਹੋਵੇ ਤਾਂ ਫਿਰ ਉਸ ਵਿੱਚ ਹੰਕਾਰ ਜ਼ਰੂਰ ਜਾਗਦਾ ਹੈ। ਇਸ ਬਾਰੇ ਫੁਰਮਾਨ ਹੈ :

ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ।

ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸ ਮਹਿ ਕ੍ਰੋਧੁ ਬਿਗਾਨਾ।

(ਆਦਿ ਗ੍ਰੰਥ, ਪੰਨਾ ,੧੦੦੩)

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਵਿਚ ਦਰਸਾਏ ਰਾਹ ਤੇ ਚਲਣ ਵਾਲਾ ਸਿੱਖ ਸੰਨਿਆਸੀ ਪਰਮ ਪੁਰਖ ਨੂੰ ਪਰਾਪਤ ਕਰ ਸਕਦਾ ਹੈ:

ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ

ਕਿੰਨਾ ਭਾਵ ਪੂਰਤ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਰਹਿਤਨਾਮਾ!!

ਮੋਬਾਇਲ : 9814053630

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

ਬਬਲੀ ਐਸ ਸਿੰਘ

ਸਭ ਤੇ ਊਚ ਤਾਕੀ ਸੋਭਾ ਬਨੀ॥

ਨਾਨਕ ਇਹ ਗੁਣਿ ਨਾਮ ਸੁਖਮਨੀ॥

ਸੁਖਮਨੀ ਸਾਹਿਬ ਦੀ ਇਹ ਅਖੀਰਲੀ ਤੁੱਕ ਹੈ ਜੋ ਬਹੁਤ ਹੀ ਅਨਮੋਲ ਸੁਨੇਹਾ ਦੇ ਰਹੀ ਹੈ। ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਬਾਣੀ ਹੈ। ਹਰ ਇਕ ਦੇ ਮਨ ਨੂੰ ਖਿੱਚਣ ਤੇ ਸਕੂਨ ਦੇਣ ਵਾਲੀ ਸੁਖਮਨੀ ਬੜੀ ਸਰਲ ਤੇ ਸਮਝ ਆ ਜਾਣ ਵਾਲੀ ਭਾਸ਼ਾ ਵਿੱਚ ਹੈ। ਸੁਖਮਨੀ ਸਾਹਿਬ ਵਿੱਚ ਐਸੀ ਸ਼ਕਤੀ ਹੈ ਜੋ "ਮਾਨਸ ਤੇ ਦੇਵਤੇ " ਬਣਾ ਸਕਦੀ ਹੈ। ਜੇ ਇਸ ਬਾਣੀ ਉੱਪਰ ਪੂਰੀ ਤਰ੍ਹਾਂ ਜ਼ਿੰਦਗੀ ਢਾਲ ਲਈ ਜਾਏ ਤਾਂ।

ਆਮ ਦੇਖਿਆ ਜਾਦਾ ਹੈ ਕਿ ਲੋਕ ਬੜੇ ਆਰਾਮ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੇ ਸੁਖਮਨੀ ਦੇ 50 ਪਾਠ ਕਰ ਲਏ 101 ਪਾਠ ਕਰ ਲਏ ਹਨ ਤੇ ਉਹਨਾਂ ਦੀ ਇੱਛਾ ਅਵਸ਼ ਪੂਰੀ ਹੋਏਗੀ। ਕੋਈ ਸ਼ਕ ਨਹੀਂ ਵਾਹਿਗੁਰੂ ਬੜਾ ਮਿਹਰਬਾਨ ਹੈ ਉਹ ਤਾਂ ਅਣਮੰਗੇ ਦਾਨ ਵੀ ਦਿੱਦਾ ਹੈ ਤੇ ਮੰਗਣ ਵਾਲੇ ਨੂੰ ਖਾਲੀ ਨਹੀਂ ਜਾਣ ਦਿੰਦਾ ਪਰ ਕੀ ਅਸੀਂ ਕਦੀ ਇਹ ਸੋਚਿਆ ਹੈ ਕਿ ਸੁਖਮਨੀ ਸਾਹਿਬ ਦੇ 50 ਜਾਂ 101 ਪਾਠ ਕਰਨ ਨਾਲ ਇੱਛਾ ਪੂਰੀ ਹੋਣ ਦੀ ਇੰਤਜ਼ਾਰ ਨਹੀਂ ਕਰਨੀ ਸਗੋਂ ਸੁਖਮਨੀ ਸਾਹਿਬ ਜੋ ਸੰਦੇਸ਼ ਦੇ ਰਹੀ ਹੈ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਧਾਰਨ ਕਰਨਾ ਤੇ ਉਸ ਤੇ ਚਲ ਕੇ ਸਿਜਦਾ ਕਰਨਾ ਹੈ।

ਚਰਨ ਚਲਉ ਮਾਰਗਿ ਗੋਬਿੰਦ॥

ਮਿਟਹਿ ਪਾਪ ਜਪੀਐ ਹਰਿ ਬਿੰਦ॥

ਸੁਖਮਨੀ ਸਾਹਿਬ ਦੀਆਂ ਪਵਿੱਤਰ ਤੁਕਾਂ ਮਨ ਨੂੰ ਬਹੁਤ ਸ਼ਾਂਤੀ ਤੇ ਸਕੂਨ ਦਿੰਦੀਆਂ ਹਨ। ਖਾਸ ਕਰਕੇ ਜਦੋਂ ਇਨਸਾਨ ਦੁਖੀ ਹੋਏ ਔਖੇ ਸਮੇਂ ਚੋਂ ਗੁਜ਼ਰ ਰਿਹਾ ਹੋਏ ਉਦੋਂ ਕੁੱਝ ਤੁਕਾਂ ਬਹੁਤ ਹੌਸਲਾ ਤੇ ਅਸੀਸ ਭਰੀਆਂ ਲੱਗਦੀਆਂ ਹਨ :–

ਪ੍ਰਭ ਸਿਮਰਤ ਕਿਛੁ ਬਿਘਨੁ ਨ ਲਾਗੈ ॥

ਪ੍ਰਭ ਕੇ ਸਿਮਰਨਿ ਕਾਰਜ ਪੂਰੇ

ਖਿਨ ਮਹਿ ਨੀਚ ਕੀਟ ਕੋ ਰਾਜ॥

ਪਾਰਬ੍ਰਹਮ ਗਰੀਬ ਨਿਵਾਜ

ਜਿਹ ਮੁਸਕਲ ਹੋਵੈ ਅਤਿ ਭਾਰੀ॥

ਹਰਿ ਕੋ ਨਾਮ ਖਿਨ ਮਾਹਿ ਉਧਾਰੀ

ਟੂਟੀ ਗਾਢਨਹਾਰ ਗੋਪਾਲੁ॥

ਸਰਬ ਜੀਆਂ ਆਪੇ ਪ੍ਰਤਿਪਾਲ॥

ਇਸ ਵਿੱਚ ਕੋਈ ਸ਼ੱਕ ਨਹੀਂ ਉਹ ਟੁੱਟੀਆਂ ਗੰਢਦਾ ਹੈ ਉਹ ਸਾਡੇ ਕਾਰਜ ਪੂਰੇ ਕਰਦਾ ਹੈ। ਉਹ ਖਿਨ ਵਿੱਚ ਗਰੀਬ ਨੂੰ ਕਰੋੜਾਂਪਤੀ ਬਣਾ ਦਿੰਦਾ ਹੈ ਨਿਵਾਜਦਾ ਹੈ। ਸਭ ਸੱਚ ਹੈ ਉਹ ਮਿਰਤਕ ਕੋ ਜੀਵਾਲਨਹਾਰ ਵੀ ਹੈ। ਪਰ ਅਸੀਂ ਸ਼ਾਇਦ ਇਹ ਭੁੱਲ ਜਾਦੇ ਹਾਂ ਕਿ ਅਕਾਲ ਪੁਰਖ ਸਾਡਾ ਸੱਚਾ ਮਾਂ ਬਾਪ ਹੈ, ਅਸੀਂ ਉਸਦੇ ਬੱਚੇ ਹਾਂ ਸੁਖਮਨੀ ਸਾਹਿਬ ਦਾ ਪਾਠ ਸਾਨੂੰ ਬਹੁਤ ਕੁੱਝ ਸਿਖਾ ਰਿਹਾ ਹੈ। ਜਦੋਂ ਅਸੀਂ ਉਸ ਦੇ ਦੱਸੇ ਰਾਹਾਂ ਤੇ ਚੱਲਦੇ ਹਾਂ ਵਾਕਿਆ ਹੀ

ਇਹ ਪ੍ਰਤੱਖ ਰੂਪ ਵਿੱਚ ਵਾਪਰਦਾ ਹੈ ਕਿ

ਹਰਿ ਕਾ ਨਾਮੁ ਜਪਤੁ ਦੁਖੁ ਜਾਏ ॥

ਨਾਨਕ ਬੋਲੈ ਸਹਿਜ ਸੁਭਾਏ ॥

ਸਭ ਤੁਕਾਂ ਪ੍ਰਤੱਖ ਰੁਪ ਵਿੱਚ ਸਾਡੀ ਜ਼ਿੰਦਗੀ ਵਿੱਚ ਵਾਪਰਦੀਆਂ ਹਨ ਜਦੋਂ ਅਸੀਂ ਸੁਖਮਨੀ ਸਾਹਿਬ ਦੀ ਮਹਾਨਤਾ ਨੂੰ ਸਮਝ ਕੇ ਪਿਤਾ ਪ੍ਰਮੇਸ਼ਵਰ ਦੇ ਕਹੇ ਅਨੁਸਾਰ ਚੱਲਦੇ ਹਾਂ।

ਆਉ ਹੁਣ ਦੇਖੀਏ ਕਿ ਗੁਰੂ ਮਹਾਰਾਜ ਸੁਖਮਨੀ ਸਾਹਿਬ ਦੇ ਜਰੀਏ ਸਾਨੂੰ ਕੀ ਸਮਝਾਣਾ ਚਾਹੁੰਦੇ ਹਨ।

ਜਬ ਧਾਰੈ ਕੋਊ ਬੈਰੀ ਮੀਤ ॥

ਤਬ ਲਗੁ ਨਿਹਚਲੁ ਨਾਹੀ ਚੀਤ ॥

ਬੈਰ ਬਿਰੋਧ ਕਾਮ ਕ੍ਰੋਧ ਮੋਹ ॥

ਝੂਠ ਬਿਕਾਰ ਮਹਾ ਲੋਭ ਧ੍ਰੋਹ ॥

ਜਦੋਂ ਸਾਨੂੰ ਪਤਾ ਹੈ ਸਭ ਦੇ ਅੰਦਰ ਪ੍ਰਭੂ ਦੀ ਜੋਤ ਵਸ ਰਹੀ ਹੈ ਪ੍ਰਭੂ ਆਪ ਵਸ ਰਿਹਾ ਹੈ ਫਿਰ ਇਹ ਬੈਰੀ ਤੇ ਮੀਤ ਦਾ ਚਕਰ ਗਲਤ ਨਹੀਂ ਹੈ? ਬੈਰ ਬਿਰੋਧ ਕ੍ਰੋਧ ਇਹ ਸਭ ਕਿਸ ਨਾਲ ਕਰ ਰਹੇ ਹਾਂ ਕੀ ਉਸੇ ਪ੍ਰਭੂ ਨਾਲ ਨਹੀਂ ਜੋ ਸਾਡੇ ਸਭ ਅੰਦਰ ਹੀ ਮੌਜੂਦ ਹੈ। ਕਾਮ ਕ੍ਰੋਧ ਲੋਭ ਮੋਹ ਹੰਕਾਰ ਇਹ ਸਭ ਹੀ ਸਾਡੇ ਤੇ ਪ੍ਰਮਾਤਮਾ ਦੇ ਵਿਚਕਾਰ ਰੁਕਾਵਟ ਖੜੀ ਕਰਦੇ ਹਨ। ਅਸੀਂ ਆਪਣੇ ਮਨ ਵਿੱਚ ਦੂਜੇ ਲਈ ਬਿਖ ਰੱਖੀ ਰੱਖਦੇ ਹਾਂ ਜਦੋਂ ਕਿ ਗੁਰੂ ਮਹਾਰਾਜ ਚਾਹੁੰਦੇ ਹਨ-

ਗੁਰ ਪ੍ਰਸਾਦਿ ਬਿਖਿਆ ਪਰਹਰੈ ॥

ਮਨ ਕੀ ਬਾਸਨਾ ਮਨ ਤੇ ਟਰੈ ॥

ਫਿਰ ਦੇਖੋ

ਮਨ ਤੇ ਬਿਨਸੈ ਸਗਲਾ ਭਰਮੁ ॥

ਕਰਿ ਪੂਜੇ ਸਗਲ ਪਾਰਬ੍ਰਹਮ ॥

ਸਾਨੂੰ ਵਹਿਮਾਂ ਭਰਮਾਂ ਵਿੱਚ ਨਹੀਂ ਪੈਣਾ ਚਾਹੀਦਾ ਪ੍ਰਭੂ ਤੇ ਪੂਰਨ ਵਿਸ਼ਵਾਸ਼ ਰਖਣਾ ਚਾਹੀਦਾ ਹੈ। ਕਰਨਹਾਰ ਉਹੀ ਹੈ। ਜੋ ਹੋ ਰਿਹਾ ਹੈ ਉਹੀ ਕਰ ਰਿਹਾ ਹੈ ਸਭ ਕੁੱਝ ਉਸੇ ਨੇ ਹੀ ਕਰਨਾ ਹੈ। ਅਸੀਂ ਹੋਰ ਕਿਸੇ ਵੀ ਸ਼ਕਤੀ ਨੂੰ ਨਹੀਂ ਮੰਨਣਾ ਸਿਰਫ ਇਕੋ ਨੂੰ ਪੂਜਣਾ ਹੈ।

ਮਨ ਅੰਤਰਿ ਬਿਸਾਸ ਕਰਿ ਮਾਨਿਆ ॥

ਕਰਨਹਾਰ ਨਾਨਕ ਇਕੁ ਜਾਨਿਆ ॥

ਧਨ ਭੂਮ ਕਾ ਜੋ ਕਰੇ ਗੁਮਾਨੁ ॥

ਸੋ ਮੂਰਖ ਅੰਧਾ ਅਗਿਆਨੁ ॥

ਜੇ ਕੋ ਅਪੁਨੀ ਸੋਭਾ ਲੋਰੈ ॥

ਸਾਧ ਸੰਗਿ ਇਹ ਹਉਮੈ ਛੋਰੈ ॥

ਮਨ ਵਿੱਚ ਹਉਮੇ ਨਹੀਂ ਲਿਆਣੀ। ਆਪਣੀ ਤਾਕਤ ਦਾ ਗੁਮਾਨ ਨਹੀਂ ਕਰਨਾ। ਪ੍ਰਭੂ ਨੂੰ ਗੁਮਾਨ ਨਹੀਂ

ਭਾਂਦਾ। ਨਿਮਰਤਾ ਵਿੱਚ ਰਹਿ ਕੇ, ਸਹਿਜ ਵਿੱਚ ਰਹਿ ਕੇ ਪ੍ਰਮਾਤਮਾ ਦੀਆਂ ਮਿਹਰਾਂ ਲੈਣੀਆਂ ਹਨ। ਜੋ ਨਿਮਰਤਾ ਤੇ ਚੱਲ ਕੇ ਸਭ ਨੂੰ ਪਿਆਰ ਦਿੰਦਾ ਹੈ ਉਸ ਲਈ ਫਿਰ

ਸਰਬ ਕੀ ਰੇਨ ਜਾ ਕਾ ਮਨੁ ਹੋਇ

ਕਹੁ ਨਾਨਕ ਤਾ ਕੀ ਨਿਰਮਲ ਸੋਇ

ਜੇ ਸੁਖਮਨੀ ਸਾਹਿਬ ਦੇ ਪਾਠ ਕਰਕੇ ਇਛਾਵਾਂ ਪੂਰੀਆਂ ਕਰਨੀਆਂ ਹਨ ਤੇ ਉਸਦੀ ਮਿਹਰ ਮੰਗਣੀ ਹੈ ਤਾਂ ਉਸ ਦੀਆਂ ਨਜ਼ਰਾਂ ਵਿੱਚ ਪੂਰੇ ਉੱਤਰਨਾ ਹੈ। ਜੋ ਉਪਦੇਸ ਸੁਖਮਨੀ ਸਾਹਿਬ ਦੇ ਰਹੀਂ ਹੈ ਉਸਦੇ ਉੱਤੇ ਚੱਲਣਾ ਹੈ। ਸਿਰਫ 51 ਪਾਠ ਕਰਕੇ ਇਨਾਮ ਉਡੀਕਣ ਨਹੀਂ ਬੈਠ ਜਾਣਾ। ਗੁਰੂ ਮਹਾਰਾਜ ਤਾਂ ਕਹਿ ਰਹੇ ਹਨ–

ਸੁਣ ਉਪਦੇਸ ਹਿਰਦੈ ਬਸਾਵਹੁ ॥

ਮਨ ਇਛੇ ਨਾਨਕ ਫਲ ਪਾਵਹੁ ॥

ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥

ਦੂਖ ਦਰਦੁ ਮਨ ਤੇ ਭਉ ਜਾਇ ॥

ਲਿਵ ਪ੍ਰਭੂ ਨਾਲ ਜੋੜਨੀ ਪੈਂਦੀ ਹੈ ਮਨ ਤਨ ਨਾਲ ਉਸਨੂੰ ਧਿਆਣਾ ਹੈ। Mechanically Reading ਕਰਨ ਨਾਲ ਗੱਲ ਨਹੀਂ ਬਣਦੀ ਉਸ ਨੂੰ ਤਨ ਮਨ ਵਿੱਚ ਵਸਾਣਾ ਪੈਂਦਾ ਹੈ।

ਸਾਧਾ ਸੰਤਾਂ ਦੀ ਨਿੰਦਾ ਨਹੀਂ ਕਰਨੀ। ਭਗਤ ਜਨਾਂ ਦੀ ਨਿੰਦਾ ਨਹੀਂ ਕਰਨੀ । ਸੰਤ ਤੇ ਭਗਤ ਜਨ ਦਾ ਅਦਬ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ ਕਿ

ਭਗਤ ਜਨਾਂ ਕੋ ਸਦਾ ਨਿਵਿ ਰਹੀਏ ॥

ਨਿਵੈ ਤਾਂ ਫਲ ਗੁਨ ਪਾਈਗੋ ॥

ਤੇ ਸੁਖਮਨੀ ਸਾਹਿਬ ਕਹਿ ਰਹੀ ਹੈ ਕਿ

ਸੰਤ ਕੇ ਦੋਖੀ ਕੀ ਪੂਜੇ ਨਾ ਆਸਾ ॥

ਸੰਤ ਦਾ ਦੋਖੀ ਉਠਿ ਚਲੈ ਨਿਰਾਸਾ ॥

ਸੰਤ ਕਾ ਦੋਖੀ ਇਉ ਬਿਲਲਾਇ ॥

ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥

ਸਾਨੂੰ ਸਮਝਣਾ ਚਾਹੀਦਾ ਹੈ ਕਿ ਸਾਧਾਂ ਸੰਤਾਂ ਭਗਤ ਜਨਾਂ ਨੂੰ ਸਦਾ ਅਦਬ ਦੇਣਾ ਚਾਹੀਦਾ ਹੈ।

ਬ੍ਰਹਮ ਮਹਿ ਜਨੁ, ਜਨੁ ਮਹਿ ਪਾਰਬ੍ਰਹਮੁ

ਏਕਹਿ ਆਪ ਨਹੀ ਕਿਛੁ ਭਰਮੁ ॥

ਸੁਖਮਨੀ ਸਾਹਿਬ ਸਪਸ਼ਟ ਤੌਰ ਤੇ ਦੱਸ ਰਹੀ ਹੈ ਕਿ ਅਸੀ ਹਰ ਪਲ ਆਪਣਾ ਕੀਤਾ ਪਾ ਰਹੇ ਹਾਂ। ਇਸ ਲਈ ਕੋਸ਼ਿਸ਼ ਤਾਂ ਕਰੀਏ ਕਿ ਹੁਣ ਅਛੇ ਕਰਮ ਕਮਾਈਏ।

ਮਨ ਮੂਰਖ ਕਾਹੇ ਬਿਲਾਲਾਈਐ ॥

ਪੂਰਬ ਲਿਖੇ ਕਾ ਲਿਖਿਆ ਪਾਈਐ ॥

ਹਰ ਵੇਲੇ ਅਸੀ ਇਹ ਕਹਿ ਕੇ ਕਲਪਦੇ ਹਾਂ ਕਿ ਅਸੀ ਤਾਂ ਕੋਈ ਗਲਤੀ ਨਹੀਂ ਕੀਤੀ ਤਾ ਨਹੀਂ ਕਾਹਦੀ ਸਜ਼ਾ

ਮਿਲ ਰਹੀ ਹੈ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੂਰਬਲੇ ਕਮਾਏ ਕਰਮ ਵੀ ਸਾਡੇ ਨਾਲ ਹੀ ਹਨ ਉਨ੍ਹਾਂ ਦਾ ਫਲ ਵੀ ਅਸੀ ਹੀ ਭੋਗਣਾ ਹੈ। ਪਿਛਲੇ ਜਨਮਾਂ ਦਾ ਕੀਤਾ ਇਸ ਜਨਮ ਵਿੱਚ ਪਾਣਾ ਪੈਂਦਾ ਹੈ। ਸੋ ਇਥੇ ਆ ਕੇ ਸਾਨੂੰ ਸਮਝਣਾ ਚਾਹੀਦਾ ਹੈ ਕਿ ਕਮ ਸੇ ਕਮ ਹੁਣ ਅੱਗੋਂ ਅਸੀ ਅੱਛਾ ਬੀਜ ਬੀਜੀਏ ਤਾਂ ਜੋ ਅੱਗੇ ਸੁੱਖ ਮਿਲੇ। ਉਸ ਦੇ ਲਈ ਸਭ ਤੋਂ ਜਿਆਦਾ ਮਹਾਨਤਾ ਦਿੱਤੀ ਗਈ ਹੈ। ਸਿਮਰਨ ਤੇ ਸੇਵਾ ਨੂੰ ਇਹ ਦੋਨੋ ਹੀ ਮਸਤਕ ਦੇ ਕਰਮਾਂ ਅਨੁਸਾਰ ਮਿਲਦੀਆ ਹਨ। ਅੰਮ੍ਰਿਤ ਤਾਂ ਵਰਸ ਹੀ ਰਿਹਾ ਹੈ ਪਰ ਹਰ ਇਕ ਦੀ ਕਿਸਮਤ ਵਿੱਚ ਨਹੀ ਹੁੰਦਾ। ਇਹ ਤਾਂ ਇੰਝ ਹੈ–

ਸੇ ਸਿਮਰਹਿ ਜਿਨ ਆਪਿ ਸਿਮਰਾਏ ॥
ਨਾਨਕ ਤਾ ਕੈ ਲਾਗਉ ਪਾਏ ॥
ਸਿਮਰਨ ਤੇ ਲਾਗੈ ਜਿਨ ਆਪ ਦਇਆਲਾ ॥
ਨਾਨਕ ਜਨ ਕੀ ਮੰਗੈ ਰਵਾਲਾ ॥

ਤੇ ਜਿਹੜਾ ਮਨ ਨਾਲ ਜੁੜ ਕੇ ਸਿਮਰਨ ਕਰਦਾ ਹੈ ਉਸ ਦੀ ਕੀ ਅਵਸਥਾ ਹੁੰਦੀ ਹੈ ਵੇਖੋ ਤੁਕਾਂ ਦੇ ਵਿੱਚੋਂ–

ਬਿਸਮਨ ਬਿਸਮ ਭਏ ਬਿਸਮਾਦ ॥
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥

ਤੇ ਇਸ ਤੁਕ ਨੂੰ ਸਮਝਣ ਦੀ ਕੋਸ਼ਿਸ਼ ਕਰੀਏ–

ਕਹਨੁ ਨ ਜਾਈ ਅਚਰਜ ਬਿਸਮਾਦ ॥

ਤੇ ਇਹ ਬਿਸਮਾਦ ਦਾ ਸੁਆਦ ਸਿਰਫ ਉਹੀ ਜਾਣਦਾ ਹੈ ਜੋ ਉਸ ਨਾਲ ਜੁੜਿਆ ਤੇ ਜਿਸਨੇ ਬੂਝਿਆ ਹੈ।
ਇਹ ਤਾਂ ਬੇਅੰਤ ਸੁੱਖ ਦਿੰਦਾ ਹੈ। ਜਰਾ ਸੁਣੋ

ਪ੍ਰਭ ਕੈ ਸਿਮਰਨਿ ਅਨਹੁਦ ਝੁਨਕਾਰ
ਸੁਖੁ ਪ੍ਰਭ ਸਿਮਰਨ ਕਾ ਅੰਤੁ ਨਾ ਪਾਰੁ ॥

ਫਿਰ ਆਉ ਉਸ ਸਚੇ ਪਾਤਸ਼ਾਹ ਤੋਂ ਮੰਗੀਏ ਤੇ ਫਿਰ ਸੁਖਮਨੀ ਸਾਹਿਬ ਅਨੁਸਾਰ ਜੀਵਨ ਨੂੰ ਢਾਲੀਏ ਫਿਰ ਕਿਸ ਤਰ੍ਹਾਂ ਸਭ ਸੁੱਖ ਝੋਲੀ ਵਿੱਚ ਪੈਂਦੇ ਹਨ। ਮੰਗਣਾ ਕੀ ਹੈ–

ਏਕ ਬਸਤੁ ਦੀਜੈ ਕਰਿ ਮਇਆ ॥
ਗੁਰ ਪ੍ਰਸਾਦਿ ਨਾਮੁ ਜਪਿ ਲਾਇਆ ॥

ਜਿਸ ਦਿਨ ਅਸੀਂ ਸੁਖਮਨੀ ਸਾਹਿਬ ਦੀ ਹਰ ਤੁਕ ਨੂੰ ਸਮਝ ਕੇ ਉਨ੍ਹਾਂ ਤੇ ਚੱਲਣ ਦੀ ਕੋਸ਼ਿਸ਼ ਹੀ ਸ਼ੁਰੂ ਕਰ ਦਿਆਂਗੇ ਦਾਤਾ ਜੀ ਦੀ ਬਖਸ਼ਿਸ਼ ਆ ਜਾਏਗੀ ਸਾਡੀ ਜਿੰਦਗੀ ਵਿੱਚ। ਜਦੋਂ ਆਪਣੀ ਜਿੰਦਗੀ ਦਾ ਆਧਾਰ ਸੁਖਮਨੀ ਸਾਹਿਬ ਨੂੰ ਬਣਾ ਲਵਾਂਗੇ ਯਕੀਨ ਕਰਨਾ ਕਿ ਫਿਰ ਇਹ ਹਥ ਕਿਸੇ ਅੱਗੇ ਨਹੀਂ ਅੱਡਣੇ ਨਹੀਂ ਪੈਣੇ ਸਗੋਂ ਇਨ੍ਹਾਂ ਹੱਥਾਂ ਨਾਲ ਸਦਾ ਕੁੱਝ ਵੰਡਦੇ ਹੀ ਰਹਾਂਗੇ।

ਉਹ ਅਨਾਥਾਂ ਦਾ ਨਾਥ ਗੋਬਿੰਦ ਗੋਪਾਲ ਸਾਡੇ ਅੰਗ ਸੰਗ ਰਹੇਗਾ। ਉਹਦਾ ਹਥ ਸਾਡੇ ਸਿਰ ਤੇ ਰਹੇਗਾ ਤੇ ਫਿਰ ਕੀ ਹੋਏਗਾ।

ਸਭ ਤੇ ਊਚ ਤਾ ਕੀ ਸੋਭਾ ਬਨੀ ॥
ਨਾਨਕ ਇਹ ਗੁਣਿ ਨਾਮੁ ਸੁਖਮਨੀ ॥

# 35/1-B MODEL GRAM LUDHIANA (PUNJAB) 141 001

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਭਾਈ ਕਰਮ ਸਿੰਘ ਰਤਨ ਦੇ ਜਥੇ ਨੇ 31 ਮਾਰਚ 1978 ਸ਼ੁੱਕਰਵਾਰ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਨੌਕਰੀ ਛੱਡ ਦਿੱਤੀ। ਜਥੇ ਸਮੇਤ ਆਪ ਜੀ ਵਾਪਸ ਆਪਣੇ ਘਰ ਰਾਜਪੁਰੇ ਆ ਗਏ ਤੇ ਇਸ ਤਰਾਂ 26 ਅਪ੍ਰੈਲ 1976 ਤੋਂ ਲੈ ਕੇ 21 ਮਾਰਚ 1978 ਤਕ ਤਕਰੀਬਨ ਦੋ ਸਾਲ ਆਪ ਜੀ ਨੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਸਫਲਤਾ ਨਾਲ ਨਿਭਾਈ ਤੇ ਦੁਨੀਆਂ ਵਿੱਚ ਤੇ ਫ਼ਿਲਮ ਇੰਡਸਟ੍ਰੀ ਵਿੱਚ ਵੀ ਆਪਣਾ ਨਾਮ ਕਮਾਇਆ।

ਇਸ ਤੋਂ ਬਾਅਦ ਭਾਈ ਕਰਮ ਸਿੰਘ ਰਤਨ ਜੀ ਲਖਨਊ ਤੋਂ ਨੌਕਰੀ ਲਈ ਚਿੱਠੀ ਆਈ। ਆਪ ਨੇ ਆਪਣੇ ਜਥੇ ਸਮੇਤ 15 ਜੁਲਾਈ 1979 ਨੂੰ ਗੁਰਦੁਆਰਾ ਸਤਸੰਗ ਸਭਾ ਅਟਲ ਰੋਡ ਸਦਰ ਬਾਜ਼ਾਰ ਵਿੱਚ ਕੀਰਤਨ ਦੀ ਸੇਵਾ ਸ਼ੁਰੂ ਕਰ ਦਿੱਤੀ। ਇਥੇ ਗੁਰਦੁਆਰੇ ਡੀਊਟੀ ਸ਼ੁਰੂ ਕਰਨ ਤੋਂ ਬਾਅਦ ਹੌਲੇ ਹੌਲੇ ਇਹ ਜਥਾ ਸਾਰੇ ਲਖਨਊ ਵਿੱਚ ਹੀ ਮਸ਼ਹੂਰ ਹੋ ਗਿਆ। ਉਸ ਸਮੇਂ ਸੰਨ 1979 ਵਿੱਚ ਯੂ.ਪੀ. ਉੱਤਰ ਪ੍ਰਦੇਸ਼ ਦੇ ਜੋ ਗਵਰਨਰ ਸਨ, (ਪਾਵਟੇ ਸਾਹਿਬ) ਉਹ ਮਹਾਰਾਸ਼ਟਰ ਦੇ ਰਹਿਣ ਵਾਲੇ ਸਨ। ਗਵਰਨਰ ਸਾਹਿਬ ਦੀ ਪਤਨੀ ਸਿੰਧੀ ਪਰਿਵਾਰ ਵਿੱਚੋਂ ਸੀ ਤੇ ਉਹ ਗੁਰੂ ਘਰ ਨੂੰ ਮੰਨਦੀ ਸੀ। ਉਹਨੀ ਦਿਨੀਂ ਗਵਰਨਰ ਦਾ ਜਨਮ ਦਿਨ ਆ ਗਿਆ ਤੇ ਗਵਰਨਰ ਸਾਹਿਬ ਨੇ ਆਪਣਾ ਜਨਮ ਦਿਨ ਮਨਾਉਣ ਦਾ ਪ੍ਰੋਗਰਾਮ ਬਣਾਇਆ ਤੇ ਉਹਨਾਂ ਦੀ ਪਤਨੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆ ਕੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਜਾਏਗਾ ਤੇ ਨਾਲੇ ਕੀਰਤਨ ਕਰਵਾਇਆ ਜਾਵੇਗਾ।

ਜਿਸ ਦਿਨ ਗਵਰਨਰ ਸਾਹਿਬ ਦਾ ਜਨਮ ਦਿਨ ਸੀ ਉਸ ਦਿਨ ਗੁਰਦੁਆਰਾ ਸਦਰ ਬਾਜ਼ਾਰ ਤੋਂ ਕਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਗਵਰਨਰ ਹਾਊਸ ਵਿੱਚ ਲਿਆਂਦਾ ਗਿਆ ਤੇ ਪ੍ਰਕਾਸ਼ ਕਰ ਕੇ ਪਹਿਲੇ ਗ੍ਰੰਥੀ ਸਾਹਿਬ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਅਤੇ ਉਸ ਤੋਂ ਬਾਅਦ ਭਾਈ ਕਰਮ ਸਿੰਘ ਰਤਨ ਜੀ ਨੇ ਰਸ ਭਿੰਨਾ ਕੀਰਤਨ ਕੀਤਾ, ਉਸ ਸਮੇਂ ਯੂ.ਪੀ. ਗੋਰਮਿੰਟ ਬਹੁਤ ਸਾਰੇ ਮੰਤਰੀ ਅਤੇ ਲਖਨਊ ਦੇ ਪ੍ਰਤਿਸ਼ਟਸ਼ ਸੱਜਣ ਅਤੇ ਗੁਰਦੁਆਰਾ ਕਮੇਟੀ ਦੇ ਸੱਜਣ ਹਾਜ਼ਰ ਸਨ ਅਤੇ ਰਤਨ ਜੀ ਨੇ ਪ੍ਰਭਾਵਸ਼ਾਲੀ ਕੀਰਤਨ ਦੇ ਨਾਲ ਹਿੰਦੀ ਵਿੱਚ ਵਿਆਖਿਆ ਵੀ ਕੀਤੀ ਤੇ ਰਤਨ ਜੀ ਤੋਂ ਬਾਅਦ ਸਿੰਘ ਸਭਾ ਦੇ ਹੈਡ ਗ੍ਰੰਥੀ ਸਾਹਿਬ ਨੇ ਕਥਾ ਵੀ ਕੀਤੀ ਅਤੇ ਰਤਨ ਜੀ ਜਿਸ ਵੇਲੇ ਕੀਰਤਨ ਤੋਂ ਉੱਠੇ ਤਾਂ ਗਵਰਨਰ ਸਾਹਿਬ ਜੀ ਨੇ ਇਸ਼ਾਰਾ ਕਰ ਕੇ ਆਪਣੇ ਕੋਲ ਬਿਠਾ ਲਿਆ ਤੇ ਰਤਨ ਜੀ ਦੀ ਪ੍ਰਸ਼ੰਸਾ ਕੀਤੀ ਅਤੇ ਉਸ ਸਮੇਂ ਜੋ ਸਰਕਾਰੀ ਅਤੇ ਮੀਡੀਆ ਵਾਲੇ ਫੋਟੋਗ੍ਰਾਫਰ ਫੋਟੋ ਲੈ ਰਹੇ ਸਨ, ਉਹਨਾਂ ਨੇ ਗਵਰਨਰ ਸਾਹਿਬ ਨਾਲ ਰਤਨ ਜੀ ਦੀ ਫੋਟੋ ਵੀ ਖਿਚੀ। ਉਹ ਫੋਟੋ ਅੱਜ ਵੀ ਯੂ.ਪੀ. ਦੇ ਗਵਰਨਰ ਹਾਊਸ ਦੇ ਮੇਨ ਹਾਲ ਵਿੱਚ ਲੱਗੀ ਹੋਈ ਹੈ।

ਉਸ ਤੋਂ ਬਾਅਦ ਲਖਨਊ ਸ਼ਹਿਰ ਵਿੱਚ ਰਹਿੰਦਿਆਂ ਹੋਇਆਂ ਸਾਰੀ ਯੂ.ਪੀ. ਸਟੇਟ ਵਿੱਚ ਆਪ ਜੀ ਦੀ

ਮਸ਼ਹੂਰੀ ਹੋ ਗਈ ਅਤੇ ਯੂ. ਪੀ. ਦੇ ਹੋਰ ਸ਼ਹਿਰਾਂ ਵਿੱਚੋਂ ਵੀ ਆਪਨੂੰ ਕੀਰਤਨ ਕਰਨ ਲਈ ਸੱਦੇ ਆਉਣ ਲੱਗ ਪਏ। ਇਸੇ ਸਿਲਸਿਲੇ ਵਿੱਚ ਆਪ ਜੀ ਦੇ ਰਾਗੀ ਜਥੇ ਨੇ ਸੰਨ 1980 ਦਾ ਗੁਰੂ ਨਾਨਕ ਦੇਵ ਜੀ ਅਤੇ ਗੁ: ਦਸਮ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਸਮੇਂ ਗੁਰਦੁਆਰਾ ਸਿੰਘ ਸਭਾ ਸੀਤਾਪੁਰ ਯੂ.ਪੀ. ਵਿੱਚ ਕੀਰਤਨ ਕੀਤਾ। 1981ਦੇ ਵਿਸਾਖੀ ਦੇ ਸਮਾਗਮ ਤੇ ਆਪ ਨੇ ਪੂਨਾ ਵਿਖੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਲੀਵੁੱਡ ਆਪ ਜੀ ਦੇ ਜਥੇ ਨੇ ਪੂਰਾ ਇੱਕ ਮਹੀਨਾ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ।

ਸੰਨ 1981 ਦਾ ਦਸਮ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਆਪ ਜੀ ਦੇ ਜਥੇ ਨੇ ਗੁਰਦੁਆਰਾ ਸਿੰਘ ਸਭਾ ਜਟਾ ਸ਼ੰਕਰ ਗੋਰਖਪੁਰ ਯੂ.ਪੀ. ਵਿਖੇ ਕੀਤਾ। ਬੜੇ ਚਿਰ ਤੋਂ ਮਦਰਾਸ ਗੁਰਦੁਆਰਾ ਕਮੇਟੀ ਨਾਲ ਗੁਰਪੁਰਬ ਵਾਸਤੇ ਮੰਗ ਆ ਰਹੀ ਸੀ ਤੇ ਫਿਰ ਸੰਨ 1982 ਦਾ ਵੈਸਾਖੀ ਪੁਰਬ ਮਦਰਾਸ, ਗੁਰਦੁਆਰਾ ਗੁਰ ਨਾਨਕ ਸਤਸੰਗ ਸਭਾ ਬੁੱਕ ਹੋ ਗਿਆ ਤੇ ਵੈਸਾਖੀ ਪੁਰਬ ਲਈ ਮਦਰਾਸ ਜਿਸ ਨੂੰ ਅੱਜ ਕਲ ਚੇਨਈ ਕਹਿੰਦੇ ਹਨ ਆਪ ਜੀ ਦਾ ਜਥਾ ਉਥੇ ਪਹੁੰਚ ਗਿਆ ਅਤੇ ਮਦਰਾਸ ਦੀ ਸੰਗਤ ਨੇ ਵੀ ਭਾਈ ਸਾਹਿਬ ਦਾ ਕੀਰਤਨ ਬਹੁਤ ਪਸੰਦ ਕੀਤਾ ਅਤੇ ਮਦਰਾਸ ਗੁਰਦੁਆਰੇ ਦਾ ਜੋ ਮੈਨੇਜਰ ਸੀ, ਉਹ ਹੈ ਤਾਂ ਤਾਮਿਲ ਹੀ ਸੀ ਪਰ ਉਸ ਨੂੰ ਸੰਗੀਤ ਦੀ ਬਹੁਤ ਸੂਝ ਸੀ ਤੇ ਕ੍ਰਿਸ਼ਨਾ ਰਾਓ ਉਸ ਦਾ ਨਾਮ ਸੀ ਅਤੇ ਉਹ ਆਪ ਕਰਨਾਟਕੀ ਸੰਗੀਤ ਦਾ ਮਾਹਿਰ ਸੀ ਤੇ ਜਦੋਂ ਭਾਈ ਸਾਹਿਬ ਕੀਰਤਨ ਕਰਦੇ ਸਨ, ਤਾਂ ਉਹ ਬੜੇ ਧਿਆਨ ਨਾਲ ਸੁਣਦਾ ਸੀ ਤੇ ਭਾਈ ਸਾਹਿਬ ਜਦੋਂ ਕੀਰਤਨ ਕਰ ਕੇ ਬਾਹਰ ਆਉਂਦੇ ਸਨ ਤਾਂ ਉਸ ਨੇ ਸਾਰੇ ਰਾਗ ਦੱਸ ਦੇਣੇ ਕੇ ਅੱਜ ਤੁਸੀ ਕੇਹੜਾ ਕੇਹੜਾ ਰਾਗ ਗਾਇਆ ਹੈ ਅਤੇ ਇਸ ਰਾਗ ਦਾ ਕਰਨਾਟਕੀ ਪੱਧਤੀ ਵਿੱਚ ਕੀ ਨਾਮ ਹੈ, ਸਾਰਾ ਕੁੱਛ ਦੱਸ ਦਿੰਦਾ ਸੀ। ਉਹ ਰਤਨ ਜੀ ਦੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਸੀ।

ਲਖਨਊ ਦੀ ਸੰਗਤ ਨੇ ਮਈ 1982 ਵਿੱਚ ਸ੍ਰੀ ਹੇਮਕੁੰਟ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ। ਸੰਗਤ ਨੇ ਭਾਈ ਕਰਮ ਸਿੰਘ ਰਤਨ ਦੇ ਜਥੇ ਨੂੰ ਨਾਲ ਲੈ ਕੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਲਖਨਊ ਦੀ ਸੰਗਤ ਨੇ ਕਾਨਪੁਰ ਦੀ ਸੰਗਤ ਨਾਲ ਮਿਲ ਕੇ ਚਲਣ ਦਾ ਫੈਸਲਾ ਕੀਤਾ। ਕਾਨਪੁਰ ਦੀ ਸੰਗਤ ਟਰੇਨ ਰਾਹੀਂ ਕਾਨਪੁਰ ਤੋਂ ਲਖਨਊ ਪੁਜੀ ਤੇ ਫਿਰ ਲਖਨਊ ਤੋਂ ਸਾਰੀ ਸੰਗਤ ਰਿਸ਼ੀਕੇਸ਼ ਤੇ ਉਥੋਂ ਬੱਸਾਂ ਰਾਹੀ ਗੁਰਦੁਆਰਾ ਗੋਬਿੰਦਘਾਟ ਪਹੁੰਚ ਗਏ। ਇਸ ਸਮੇਂ ਸੰਗਤ ਨਾਲ ਬਹੁਤ ਸਾਰੇ ਨਾਮਵਰ ਕੀਰਤਨੀਏ ਸਨ, ਜਿਨ੍ਹਾਂ ਵਿੱਚ ਪ੍ਰੋਫੈਸਰ ਦਰਸ਼ਨ ਸਿੰਘ , ਭਾਈ ਹਰਬੰਸ ਸਿੰਘ ਜਗਾਧਰੀ ਵਾਲੇ, ਭਾਈ ਬਲਵਿੰਦਰ ਸਿੰਘ ਰੰਗੀਲਾ ਚੰਡੀਗੜ੍ਹ, ਭਾਈ ਸਤਨਾਮ ਸਿੰਘ ਸੇਠੀ ਦਿੱਲੀ ਵਾਲੇ ਅਤੇ ਭਾਈ ਮੋਹਕਮ ਸਿੰਘ ਕਾਨਪੁਰ ਵਾਲੇ ਵੀ ਸਨ। ਗੋਬਿੰਦ ਘਾਟ ਗੁਰਦੁਆਰੇ, ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਬਹੁਤ ਵੱਡਾ ਪ੍ਰੋਗਰਾਮ ਸੀ, ਜਿਸ ਵਿੱਚ ਕਾਨਪੁਰ ਦੀ ਸੰਗਤ ਨਾਲ ਸਾਰੇ ਰਾਗੀ ਜਥਿਆਂ ਨੇ ਕੀਰਤਨ ਕਰਨਾ ਸੀ। ਲਖਨਊ ਦੀ ਸੰਗਤ ਦੇ ਕਹਿਣ ਤੇ ਭਾਈ ਕਰਮ ਸਿੰਘ ਜੀ ਨੂੰ 15 ਮਿੰਟ ਕੀਰਤਨ ਕਰਨ ਲਈ ਕਿਹਾ ਗਿਆ ਤੇ ਜਦੋਂ ਭਾਈ ਕਰਮ ਸਿੰਘ ਰਤਨ ਜੀ ਨੇ ਕੀਰਤਨ ਸ਼ੁਰੂ ਕੀਤਾ ਤਾਂ ਸਾਰੇ ਰਾਗੀ ਜਥੇ ਭਾਈ ਸਾਹਿਬ ਦੇ ਸਾਹਮਣੇ ਆ ਕੇ ਬੈਠ ਗਏ। ਸਾਰਾ ਹਾਲ ਅੰਦਰ ਤੇ ਬਾਹਰ ਸੰਗਤ ਨਾਲ ਭਰਿਆ ਹੋਇਆ ਸੀ ਭਾਈ ਕਰਮ ਸਿੰਘ ਰਤਨ ਜੀ ਨੇ ਰਾਗ ਭੈਰਵੀ ਵਿੱਚ ਸ਼ਬਦ ਸ਼ੁਰੂ ਕੀਤਾ (ਜਪਿ ਮਨ ਸਤਿਨਾਮ ਸਦਾ ਸਤਿਨਾਮ) ਅਤੇ ਇਸ ਵਿੱਚ ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚੋਂ ਪ੍ਰਮਾਣ ਦਿੱਤੇ ਤੇ ਪੰਦਰਾਂ ਦੀ ਥਾਂ ਤੇ ਵੀਹ ਮਿੰਟ ਹੋ ਗਏ, ਤੇ ਭਾਈ ਸਤਨਾਮ ਸਿੰਘ ਜੀ ਸੇਠੀ ਦਿੱਲੀ ਵਾਲੇ ਜੋ ਸਾਹਮਣੇ ਹੀ ਬੈਠੇ ਹੋਏ ਸਨ, ਉਹ ਉੱਠ ਕੇ ਆਏ ਤੇ ਆ ਕੇ ਭਾਈ ਕਰਮ ਸਿੰਘ ਦੇ ਕੰਨ ਵਿੱਚ ਕਿਹਾ, ਭਾਈ ਸਾਹਿਬ ਲੱਗੇ ਰਹਵੋ, ਸੰਗਤ ਟਿਕ ਕੇ ਸੁਣ ਰਹੀ ਹੈ ਤਾਂ ਰਤਨ ਜੀ ਨੇ ਐਸਾ ਮਸਤੀ ਵਿੱਚ ਤੇ ਵਜਦ ਵਿੱਚ ਆ ਕੇ ਇਕੋ ਹੀ ਸ਼ਬਦ ਦਾ ਕੀਰਤਨ ਕੀਤਾ ਤੇ ਪੂਰਾ ਇਕ ਘੰਟਾ ਗੁਰੂ ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚੋਂ ਹੀ ਪ੍ਰਮਾਣ ਦਿੱਤੇ ਤੇ ਸਾਰੀ ਸੰਗਤ ਤੇ ਮਾਨੋ ਜਾਦੂ ਜਿਹਾ ਕਰ ਦਿੱਤਾ। ਸਾਰੇ ਕੀਰਤਨੀਆਂ ਨੇ ਭਾਈ ਸਾਹਿਬ ਦੇ ਕੀਰਤਨ ਦੀ ਪ੍ਰਸ਼ੰਸਾ ਕੀਤੀ। ਉਸ ਤੋਂ ਬਾਅਦ ਅਗਲੇ ਸਾਰੇ ਪ੍ਰੋਗਰਾਮਾਂ ਦੇ ਵਿੱਚ ਗੁਰਦੁਆਰਾ ਗੋਬਿੰਦ ਧਾਮ ਅਤੇ ਸ੍ਰੀ ਹੇਮਕੁੰਟ ਸਾਹਿਬ ਵਿਖੇ ਜਦੋਂ ਭਾਰੀ ਸੰਗਤ ਹੁੰਦੀ ਉਸ ਸਮੇਂ ਰਤਨ ਜੀ ਦਾ ਕੀਰਤਨ ਪ੍ਰੋਗਰਾਮ ਰੱਖਿਆ ਜਾਂਦਾ ਰਿਹਾ। ਆਪ ਜੀ ਦਾ ਰਾਗੀ ਜਥਾ ਅਪਾਰ ਸਫਲਤਾ ਪਾ ਕੇ ਸ੍ਰੀ ਹੇਮਕੁੰਟ ਸਾਹਿਬ ਤੋਂ ਵਾਪਸ ਆਇਆ।

ਉਸ ਤੋਂ ਬਾਅਦ ਯੂ.ਪੀ. ਸਿੱਖ ਪ੍ਰਤੀਨਿਧ ਬੋਰਡ ਲਖਨਊ ਵੱਲੋਂ ਉਪਰਾਲਾ ਕਰ ਕੇ ਪੰਜ ਸੋ ਯਤਰੂਆਂ ਦੇ ਜਥੇ ਦਾ ਪਾਕਿਸਤਾਨ ਦੇ ਇਤਿਹਾਸਕ ਗੁਰਦੁਰਿਆਂ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਉਲੀਕਿਆ ਅਤੇ ਇਸ ਯਾਤਰਾ ਵਿੱਚ ਕੀਰਤਨ ਕਰਨ ਲਈ ਭਾਈ ਕਰਮ ਸਿੰਘ ਰਤਨ ਜੀ ਦੇ ਰਾਗੀ ਜਥੇ ਨੂੰ ਨਾਲ ਲੈ ਜਾਣ ਦਾ ਪ੍ਰੋਗਰਾਮ ਬਣਾਇਆ। ਯੂ.ਪੀ. ਪਤੀਨਿਧ ਬੋਰਡ ਦੇ ਪ੍ਰਧਾਨ ਸਾਹਿਬ ਨੇ ਗੁਰਦੁਆਰਾ ਸਦਰ ਬਾਜਾਰ ਦੀ ਕਮੇਟੀ ਪਾਸੋਂ ਰਤਨ ਦੀ ਦੇ ਜਥੇ ਦੀ ਮੰਗ ਕੀਤੀ ਗਈ ਤੇ ਸਭਾ ਨੇ ਪ੍ਰਵਾਨਗੀ ਦੇ ਦਿੱਤੀ।

ਉਸ ਸਮੇਂ ਰਤਨ ਜੀ ਦੇ ਸਾਥੀ, ਭਾਈ ਪੂਰਨ ਸਿੰਘ ਸਹਾਇਕ ਰਾਗੀ ਸਨ ਅਤੇ ਤਬਲੇ ਤੇ ਭਾਈ ਸੁਰਜਨ ਸਿੰਘ ਜੀ ਸਨ। ਸਾਰੇ ਯਾਤਰੂ 30 ਦਸੰਬਰ ਨੂੰ ਰੇਲ ਤੇ ਚੱਲ ਕੇ ਅਗਲੇ ਦਿਨ ਸਵੇਰੇ ਅੰਮ੍ਰਿਤਸਰ ਸਾਹਿਬ ਪਹੁੰਚ ਗਏ। ਪਹਿਲੀ ਜਨਵਰੀ 1983 ਨੂੰ ਸਵੇਰੇ ਭਾਈ ਕਰਮ ਸਿੰਘ ਰਤਨ ਜੀ ਦੇ ਰਾਗੀ ਜਥੇ ਨੇ ਦਰਬਾਰ ਸਾਹਿਬ ਵਿੱਚ ਆਸਾ ਦੀ ਵਾਰ ਦਾ ਕੀਰਤਨ ਕੀਤਾ। ਫਿਰ ਸਾਰੀ ਸੰਗਤ ਟ੍ਰੇਨ ਰਾਹੀਂ ਅੰਮ੍ਰਿਤਸਰ ਤੋਂ ਚੱਲਕੇ ਅਟਾਰੀ ਬਾਰਡਰ ਤੇ ਪਹੁੰਚ ਗਈ। ਅਟਾਰੀ ਸਟੇਸ਼ਨ ਤੇ ਯਾਤਰੀਆਂ ਦੀ ਚੈਕਿੰਗ ਅਤੇ ਇਮੀਗਰੇਸ਼ਨ ਆਦਿ ਉਪਰੰਤ ਲਾਹੌਰ ਹੁੰਦੇ ਹੋਏ ਸ਼ਾਮ ਨੂੰ 4 ਵਜੇ ਨਣਕਾਣਾ ਸਾਹਿਬ ਪਹੁੰਚ ਗਏ। 2 ਜਨਵਰੀ 1983 ਨੂੰ ਸਵੇਰੇ ਰਤਨ ਜੀ ਦੇ ਜਥੇ ਨੇ ਜਨਮ ਸਥਾਨ ਤੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਸ ਤੋਂ ਬਾਅਦ ਸ੍ਰੀ ਅਖੰਡ ਪਾਠ ਦਾ ਆਰੰਭ ਕੀਤਾ ਗਿਆ। 4 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਵੱਡਾ ਦੀਵਾਨ ਸਜਿਆ ਜਿਸ ਵਿੱਚ ਨਨਕਾਣਾ ਸਾਹਿਬ ਦੇ ਪੁਰਾਣੇ ਰਾਗੀ ਭਾਈ ਲਾਲ ਰਬਾਬੀ ਨੇ ਕੀਰਤਨ ਦੀ ਹਾਜ਼ਰੀ ਭਰੀ ਅਤੇ ਭਾਈ ਕਰਮ ਸਿੰਘ ਰਤਨ ਜੀ ਨੇ ਵੀ ਕੀਰਤਨ ਕੀਤਾ।

4 ਜਨਵਰੀ ਪੰਜਾ ਸਾਹਿਬ ਲਈ ਰਵਾਨਾ ਹੋ ਗਏ। ਸ਼ਾਮ ਨੂੰ ਟ੍ਰੇਨ ਨਨਕਾਣਾ ਸਾਹਿਬ ਤੋਂ ਚੱਲ ਕੇ 5 ਤਰੀਕ ਸਵੇਰੇ ਹਸਨ ਅਬਦਾਲ ਸਟੇਸ਼ਨ ਤੇ ਪਹੁੰਚ ਗਈ ਅਤੇ ਸਵੇਰੇ 7 ਵਜੇ ਦੇ ਕਰੀਬ ਸੰਗਤਾਂ ਨੇ ਗੁਰਦੁਆਰਾ ਪੰਜਾ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਸੰਗਤਾਂ ਨੇ ਇਸ਼ਨਾਨ ਵਗੈਰਾ ਕਰਕੇ ਦੀਵਾਨ ਸਜਾਇਆ ਤੇ ਰਤਨ ਜੀ ਜਥੇ ਨੇ ਕੀਰਤਨ ਕੀਤਾ। ਮਿਤੀ 6 ਜਨਵਰੀ ਸਵੇਰੇ ਨੂੰ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਦੀਵਾਨ ਸਜਿਆ। ਪਹਿਲੇ ਰਤਨ ਜੀ ਨੇ ਕੀਰਤਨ ਕੀਤਾ, ਫਿਰ ਭਾਈ ਲਾਲ ਰਬਾਬੀ ਨੇ ਕੀਰਤਨ ਕੀਤਾ ਤੇ ਫਿਰ ਸਾਂਈ ਕਵੀ ਨੇ ਗੀਤ ਗਾਏ। ਦੀਵਾਨ ਉਪਰੰਤ ਲੰਗਰ ਵਰਤਾਇਆ।

ਗੁਰੂ ਨਾਨਕ ਸਾਹਿਬ ਜੀ ਦਾ ਪੰਜਾ, ਸਰੋਵਰ ਦੇ ਵਿੱਚ ਕਰ ਕੇ ਪੱਥਰ ਵਿੱਚ ਲੱਗਾ ਹੋਇਆ ਹੈ। ਉਸ ਪੰਜੇ ਦੇ ਸਭ ਨੇ ਦਰਸ਼ਨ ਕੀਤੇ ਅਤੇ ਪੰਜੇ ਦੀ ਬਾਉਲੀ ਨਾਲ ਪਾਣੀ ਦਾ ਚਸ਼ਮਾਂ ਹਰ ਵਕਤ ਵਗਦਾ ਹੀ ਰਹਿੰਦਾ ਹੈ ਉਹੀ ਪਾਣੀ ਪੰਜਾ ਸਾਹਿਬ ਦੇ ਸਰੋਵਰ ਵਿੱਚ ਪੈਂਦਾ ਰਹਿੰਦਾ ਹੈ। ਪੀਣ ਲਈ ਵੀ ਉਹੀ ਪਾਣੀ ਵਰਤਿਆ ਜਾਂਦਾ ਹੈ, ਲੰਗਰ ਵਿੱਚ ਵੀ ਉਹੀ ਪਾਣੀ ਵਰਤਿਆ ਜਾਂਦਾ ਹੈ। ਉਹ ਬਹੁਤ ਹੀ ਸੁਆਦਲਾ, ਮਿੱਠਾ ਤੇ ਠੰਡਾ ਪਾਣੀ ਹੈ।

ਗੁਰੂ ਨਾਨਕ ਦੇਵ ਜੀ ਦੇ ਉਸ ਪੰਜੇ ਵਿੱਚ ਇਹ ਖੂਬੀ ਹੈ ਜੇ ਕੋਈ ਵੀ ਸਖਸ਼ ਉਸ ਪੰਜੇ ਦੇ ਵਿੱਚ ਹੱਥ ਪਾਵੇ ਤਾਂ ਉਹ ਪੂਰਾ ਆ ਜਾਦਾ ਹੈ ਤੇ ਜੇ ਬੱਚਾ ਹੱਥ ਲਾਵੇ ਤਾਂ ਉਹ ਕਹਿੰਦਾ ਹੈ ਕਿ ਇਹ ਮੇਰੇ ਮੇਚ ਦਾ ਹੈ, ਜੇ ਕੋਈ ਵੱਡਾ ਹੱਥ ਪਾਵੇ ਤਾਂ ਉਹ ਕਹਿੰਦਾ ਹੈ ਮੇਰੇ ਹੱਥ ਦਾ ਪੂਰਾ ਹੈ, ਤੇ ਹਰ ਕੋਈ ਇਹੀ ਸਮਝਦਾ ਹੈ ਕਿ ਏਹ ਮੇਰੇ ਹੀ ਮੇਚ ਦਾ ਹੈ।

6 ਜਨਵਰੀ 1983 ਸ਼ਾਮ ਨੂੰ ਸੰਗਤਾਂ ਲਾਹੌਰ ਜਾਣ ਲਈ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਈਆਂ। ਸ਼ਾਮ ਨੂੰ 6 ਵਜੇ ਟਰੇਨ ਹਸਨ ਅਬਦਾਲ ਤੋਂ ਚੱਲ ਪਈ ਤੇ 7 ਜਨਵਰੀ ਨੂੰ ਸਵੇਰੇ 7 ਵਜੇ ਲਾਹੌਰ ਪਹੁੰਚ ਗਈ। ਸੰਗਤਾਂ ਆਪੋ ਆਪਣੀਆਂ ਸਵਾਰੀਆਂ ਲੈ ਕੇ ਸਟੇਸ਼ਨ ਤੋਂ ਗੁਰਦੁਆਰਾ ਡੇਹਰਾ ਸਾਹਿਬ ਪਹੁੰਚੇ ਅਤੇ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਸ਼ਹੀਦੀ ਅਸਥਾਨ ਦੇ ਦਰਸ਼ਨ ਕੀਤੇ। ਰਤਨ ਜੀ ਜਥੇ ਨੇ ਵੀ ਦੋ ਦਿਨ ਲਾਹੌਰ ਸ਼ਹਿਰ ਘੁੰਮ ਫਿਰ ਕੇ ਵੇਖਿਆ। ਮਹਾਰਾਜ ਰਣਜੀਤ ਸਿੰਘ ਦਾ ਕਿਲਾ ਵੀ ਵੇਖਿਆ ਅਤੇ ਅਨਾਰ ਕਲੀ ਦਾ ਮਸ਼ਹੂਰ ਬਾਜ਼ਾਰ ਵੀ ਦੇਖਿਆ। ਫਿਰ 9 ਜਨਵਰੀ ਨੂੰ ਸਵੇਰੇ ਅਖੰਡ ਪਾਠ ਸਾਹਿਬ ਦੀ ਸਮਾਪਤੀ ਹੋਈ ਤੇ ਦੀਵਾਨ ਸਜਾਏ ਗਏ, ਜਿਸ

ਵਿੱਚ ਭਾਈ ਲਾਲ ਜੀ ਰਬਾਬੀ ਅਤੇ ਰਤਨ ਜੀ ਜਥੇ ਨੇ ਕੀਰਤਨ ਕੀਤਾ ਅਤੇ ਬਾਅਦ ਵਿੱਚ ਸਾਂਈ ਜੀ ਕਵੀ ਨੇ ਕਵਿਤਾਵਾਂ ਪੜ੍ਹੀਆਂ ਤੇ ਫਿਰ ਹੋਰ ਨਾਲ ਆਏ ਤੇ ਬੁਲਾਰਿਆਂ ਨੇ ਆਪਣੇ ਵੀਚਾਰ ਰੱਖੇ ਕਿਉਂਕਿ ਇਹ ਇਸ ਯਾਤਰਾ ਦਾ ਆਖਰੀ ਪੜਾਉ ਸੀ ਤੇ ਇਹ ਪ੍ਰੋਗਰਾਮ ਯਾਦਗਾਰੀ ਹੋ ਕੇ ਨਿਬੜਿਆ ਤੇ ਜਥੇ ਦੇ ਪ੍ਰਬੰਧਕਾਂ ਨੇ ਭਾਈ ਸਾਹਿਬ ਜੀ ਦਾ ਵਿਸ਼ੇਸ਼ ਸਨਮਾਨ ਕੀਤਾ। 10 ਜਨਵਰੀ 1983 ਨੂੰ ਵਾਪਸੀ ਲਈ ਸੰਗਤਾਂ ਸਵੇਰੇ 8 ਵਜੇ ਲਾਹੌਰ ਸਟੇਸ਼ਨ ਤੇ ਪਹੁੰਚ ਗਈਆਂ ਤੇ 9 ਵਜੇ ਲਾਹੌਰ ਤੋਂ ਟਰੇਨ ਚੱਲੀ ਤੇ ਅਟਾਰੀ ਵਿਖੇ ਇਮੀਗਰੇਸ਼ਨ ਚੈੱਕ ਹੋਣ ਤੋਂ ਬਾਅਦ ਟਰੇਨ ਦਿਨੇ ਤਿੰਨ ਵਜੇ ਅੰਮ੍ਰਿਤਸਰ ਪਹੁੰਚ ਗਈ ਅਤੇ ਅੰਮ੍ਰਿਤਸਰ ਤੋਂ ਚੱਲ ਕੇ 11 ਤ੍ਰੀਕ ਦੁਪਹਿਰੇ ਲਖਨਊ ਪਹੁੰਚ ਗਏ। ਇਸ ਤਰ੍ਹਾਂ ਰਤਨ ਜੀ ਦੇ ਜਥੇ ਦਾ ਇਹ ਪ੍ਰੋਗਰਾਮ ਵੀ ਬਹੁਤ ਸਫਲ ਰਿਹਾ।

ਭਾਈ ਕਰਮ ਸਿੰਘ ਰਤਨ ਜੀ ਦੇ ਸਹਾਇਕ ਰਾਗੀ ਭਾਈ ਪੂਰਨ ਸਿੰਘ ਜੀ ਰਾਜਪੁਰੇ ਵਾਲੇ ਜੋ ਲਖਨਊ ਵਿੱਚ ਆਪ ਜੀ ਦੇ ਨਾਲ ਡਿਊਟੀ ਕਰ ਰਹੇ ਸਨ, ਇਹ ਪਹਿਲੇ ਭਾਈ ਬਲਵੰਤ ਸਿੰਘ ਰਸੀਲਾ ਫਰੀਦਾਬਾਦ ਵਾਲਿਆਂ ਨਾਲ ਬੈਂਕੋਕ ਥਾਈਲੈਂਡ ਹੋ ਆਏ ਸਨ, ਇਸ ਕਰਕੇ ਬੈਂਕੋਕ ਉਹਨਾਂ ਦੀ ਪ੍ਰਬੰਧਕਾਂ ਨਾਲ ਕਾਫੀ ਵਾਕਫੀਅਤ ਸੀ ਤੇ ਉਹਨਾਂ ਨੇ ਇਕ ਚਿੱਠੀ ਬੈਂਕੋਕ ਥਾਈਲੈਂਡ ਗੁਰਦੁਆਰਾ ਸਿੰਘ ਸਭਾ ਪਾ ਦਿੱਤੀ ਕਿ ਤੁਸੀਂ ਭਾਈ ਕਰਮ ਸਿੰਘ ਰਤਨ ਜੀ ਦੇ ਰਾਗੀ ਜਥੇ ਨੂੰ ਇੱਕ ਵਾਰ ਕੀਰਤਨ ਸੁਣਾਨ ਦਾ ਮੌਕਾ ਦਿਓ। ਤਕਰੀਬਨ ਇੱਕ ਮਹੀਨੇ ਬਾਦ ਉਹਨਾਂ ਦੀ ਚਿਠੀ ਦਾ ਉੱਤਰ ਆ ਗਿਆ। ਸਿੰਘ ਸਭਾ ਬੈਂਕੋਕ ਨੇ ਲਿਖਿਆ ਸੀ- ਭਾਈ ਸਾਹਿਬ ਜੀ, ਤੁਹਾਡੀ ਚਿਠੀ ਮਿਲੀ ਤੇ ਵੀਚਾਰ ਕੀਤਾ, ਭਾਈ ਕਰਮ ਸਿੰਘ ਰਤਨ ਬਾਰੇ ਗਿਆਨੀ ਸੰਤ ਸਿੰਘ ਮਸਕੀਨ ਜੀ, ਗਿਆਨੀ ਦਲੀਪ ਸਿੰਘ ਦਰਦੀ ਜੀ ਅਤੇ ਗਿਆਨੀ ਜਸਵੰਤ ਸਿੰਘ ਪ੍ਰਵਾਨਾ ਨੇ ਵੀ ਸਿਫ਼ਾਰਿਸ਼ ਕੀਤੀ ਹੈ। ਆਪ ਜੀ ਪਹਿਲੇ ਆਪਣੇ ਜਥੇ ਦੇ ਕੀਰਤਨ ਦੀ ਕੈਸਟ ਰੀਕਾਰਡ ਕੀਤੀ ਹੋਈ ਭੇਜੋ ਅਤੇ ਜਿਹਨਾਂ ਦੀ ਕੈਸਟ ਵਿੱਚ ਆਵਾਜ਼ ਹੋਵੇ ਉਹਨਾਂ ਦੀਆਂ ਹੀ ਨਾਲ ਫੋਟੋਆਂ ਵੀ ਭੇਜੋ। ਸਾਡੀ ਕਮੇਟੀ ਤੁਹਾਡੀ ਕੈਸਿਟ ਸੁਣੇਗੀ, ਜੇ ਉਹਨਾਂ ਨੇ ਤੁਹਾਨੂੰ ਪਾਸ ਕਰ ਦਿੱਤਾ ਤਾਂ ਆਪ ਜੀ ਨੂੰ ਬੁਲਾਇਆ ਜਾਵੇਗਾ ਤਾਂ ਰਤਨ ਜੀ ਦੇ ਜਥੇ ਨੇ ਆਪਣੇ ਕੀਰਤਨ ਦੀ ਕੈਸਿਟ ਭਰ ਕੇ ਭੇਜ ਦਿੱਤੀ।

ਬੈਂਕੋਕ ਸਿੰਘ ਸਭਾ ਵਿਖੇ ਇਕ ਕੀਰਤਨ ਕਮੇਟੀ ਬਣਾਈ ਹੋਈ ਹੈ ਜਿਸ ਦੇ ਗਿਆਰਾਂ ਮੈਂਬਰ ਹਨ ਤੇ ਉਹ ਇਕੱਠੇ ਬੈਠ ਕੇ ਕੀਰਤਨ ਦੀ ਕੈਸਿਟ ਸੁਣਦੇ ਹਨ ਤੇ ਜੇ ਉਹਨਾਂ 11 ਮੈਂਬਰਾਂ ਵਿਚੋਂ ਇਕ ਵੀ ਮੈਂਬਰ ਇਹ ਕਹਿ ਦੇਵੇ ਕਿ ਮੈਨੂੰ ਪਸੰਦ ਨਹੀਂ ਆਈ ਤਾਂ ਉਹ ਜਥਾ ਰਿਜੈਕਟ ਕਰ ਦਿੱਤਾ ਜਾਂਦਾ ਹੈ, ਤੇ ਜੇਕਰ ਸਾਰੇ ਮੈਂਬਰ ਸਹਿਮਤ ਹੋ ਜਾਣ ਤਾਂ ਉਹ ਜਥੇ ਪਾਸ ਹੁੰਦਾ ਹੈ। ਕੈਸਟ ਸੁਣ ਕੇ ਕਮੇਟੀ ਨੇ ਪ੍ਰਵਾਨਗੀ ਦੇ ਦਿੱਤੀ।

ਬੈਂਕੋਕ ਸਿੰਘ ਸਭਾ ਤੋਂ ਚਿਠੀ ਆ ਗਈ ਜਿਸ ਵਿੱਚ ਵੀਜ਼ਾ ਸਿਸਟਮ ਬਾਰੇ ਸਾਰੀ ਜਾਣਕਾਰੀ ਲਿਖ ਕੇ ਭੇਜੀ ਅਤੇ ਨਾਲ ਇਕ ਫਾਰਮ ਭੇਜਿਆ ਜਿਸ ਵਿੱਚ ਸ਼ਰਤਾਂ ਅਤੇ ਨਿਯਮ ਲਿਖੇ ਹੋਏ ਹਨ। 1. ਕੋਈ ਵੀ ਰਾਗੀ ਯਾ ਪ੍ਰਚਾਰਕ ਦਸ ਗੁਰੂ ਸਾਹਿਬਾਨਾਂ ਦੀ ਉਸਤਤ ਤੋਂ ਇਲਾਵਾ ਕਿਸੇ ਵੀ ਹੋਰ ਵਿਅਕਤੀ ਦੀ ਸਟੇਜ ਦੇ ਸਿਫਤ ਨਹੀਂ ਕਰੇਗਾ। ਨਾ ਹੀ ਕਿਸੇ ਪ੍ਰਬੰਧਕ ਦੀ ਉਸਤਤ ਕਰੇਗਾ ਅਤੇ ਕਮੇਟੀ ਦੇ ਨਿਯਮਾਂ ਅਨੁਸਾਰ ਹੀ ਚੱਲੇਗਾ ਅਤੇ ਨਾ ਕਮੇਟੀ ਤੋਂ ਪੁੱਛੇ ਬਿਨ੍ਹਾਂ ਕਿਤੇ ਹੋਰ ਕੀਰਤਨ ਕਰੇਗਾ। ਗੁਰਦੁਆਰੇ ਤੋਂ ਬਾਹਰ ਜਿਥੇ ਵੀ ਜਾਣਾ ਹੋਵੇ ਤਾਂ ਕਮੇਟੀ ਨੂੰ ਦੱਸ ਕੇ ਜਾਣਾ ਹੋਵੇਗਾ। ਜਥੇ ਦਾ ਵਿਦੇਸ਼ ਦਾ ਪ੍ਰੋਗਰਾਮ ਇਸ ਤਰ੍ਹਾ ਹੁੰਦਾ ਸੀ ਕਿ ਪਹਿਲੇ ਬੈਂਕੋਕ ਦੀ ਸਿੰਘ ਸਭਾ ਰਾਗੀ ਜਥਾ ਬੁਲਾਂਦੀ ਸੀ ਤੇ ਉਹ ਤਿੰਨ ਮਹੀਨੇ ਬੈਂਕੋਕ ਵਿੱਚ ਪ੍ਰੋਗਰਾਮ ਕਰ ਕੇ ਫਿਰ ਤਿੰਨ ਮਹੀਨੇ ਰਾਗੀ ਜਥਾ ਨਾਨਕ ਸਤਿਸੰਗ ਸਭਾ ਕਾਂਤੋਗ ਸਿੰਘਾਪੁਰ ਭੇਜ ਦਿੱਤਾ ਜਾਂਦਾ ਸੀ ਤੇ ਤਿੰਨ ਮਹੀਨੇ ਸਿੰਘਾਪੁਰ ਪ੍ਰੋਗਰਾਮ ਕਰਦਾ ਸੀ, ਤੇ ਇਸ ਤਰ੍ਹਾਂ ਛੇ ਮਹੀਨੇ ਲਾ ਕੇ ਰਾਗੀ ਜਥਾ ਦੇਸ਼ ਵਾਪਸ ਚਲਾ ਜਾਂਦਾ ਸੀ, ਰਤਨ ਜੀ ਦਾ ਪ੍ਰੋਗਰਾਮ ਵੀ ਇਸੇ ਤਰ੍ਹਾਂ ਹੀ ਉਲੀਕਿਆ ਗਿਆ ਸੀ।

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# ਰਾਗ ਗਉੜੀ ਮਾਲਾ ਭੈਰਵੀ ਥਾਟ

ਉਸਤਾਦ ਸੁਰਜੀਤ ਸਿੰਘ

ਗਉੜੀ ਮਾਲਾ ਥਾਟ ਭੈਰਵੀ ਧੈਵਤ ਵਾਦੀ ਰਿਖਬ ਸੰਵਾਦੀ ਸਮਾਂ ਰਾਤ ਦਾ ਪਹਿਲਾ ਪਹਿਰ ਜਾਤੀ ਸੰਪੂਰਨ

ਆਰੋਹੀ : ਸ ਰੁ ਗੁ ਮ ਪ ਧੁ ਨ ਸਂ

ਅਵਰੋਹੀ: ਸਂ ਨ ਧੁ ਪ ਮ ਗੁ ਰੁ ਸ

ਪਕੜ : ਰੁ ਗੁ ਰੁ ਸ, ਨ਼ ਸ, ਧੁ –, ਪ ਮ ਗੁ ਰੁ ਸ

ਸੁਰ :– ਰਿਖਬ ਗੰਧਾਰ ਧੈਵਤ ਕੋਮਲ ਬਾਕੀ ਸ਼ੁੱਧ।

ਅਲਾਪ

ਨੰ.1 ਸ – ਰੁ ਨ਼ ਸ –, ਨ਼ ਧ਼ੁ ਨ਼ ਸ ਗੁ ਰੁ ਸ –, ਸ ਰੁ ਗੁ, ਮ ਪ ਧੁ ਪ, ਮ ਗੁ ਰੁ ਸ –

ਨੰ.2 ਸ ਰੁ – ਗੁ ਮ ਪ ਧੁ – ਪ, ਮ ਪ ਧੁ ਨ, ਨ – ਧੁ ਪ –, ਧੁ ਪ ਮ ਗੁ ਰੁ ਨ਼ ਸ

ਨੰ.3 ਮ ਪ ਧੁ – ਨ ਸਂ –, ਰੁਂ ਨ ਸਂ ਨ ਧੁ ਪ, ਪ ਧੁ ਨ ਸਂ, ਰੁਂ ਨ ਸਂ ਨ, ਧੁ ਪ,
ਪ ਧੁ ਨ ਸਂ ਰੁਂ ਗੁਂ – ਰੁਂ ਸਂ ਨ ਧੁ ਪ, ਮ ਪ ਧੁ ਨ ਧੁ ਪ, ਮ ਗੁ ਰੁ ਨ਼ ਸ

## ਸਥਾਈ :– ਝੱਪ ਤਾਲ

| 0 | | 3 | | | x | | 2 | | |
|---|---|---|---|---|---|---|---|---|---|
| 6 | 7 | 8 | 9 | 10 | 1 | 2 | 3 | 4 | 5 |
| ਰੁ | ਗੁ | ਰੁਸ | ਨ਼ | ਸ | ਧੁ | ਧੁ | ਪਮ | ਗੁਰੁ | ਸ |
| ਪਾ | ਇਆ | ਲਾ | ਲੁ | ਰ | ਤਨੁ | ਮਨਿ | ਪਾ | s | ਇਆ |
| ਰੁ | ਰੁ | ਨ਼ | ਸ | ਸ | ਨ਼ਧ਼ੁ | ਨ਼ਸ | ਗੁ | ਰੁ | ਸ |
| ਤਨੁ | ਸੀ | ਤਲੁ | ਮ | ਨੁ | ਸੀ | ਤਲੁ | ਥੀ | s | ਆ |
| ਰੁ | ਗੁ | ਮ | ਪ | ਮਪ | ਧੁ | ਧੁ | ਪਮ | ਗੁਰੁ | ਸ |
| ਸਤ | ਗੁਰ | ਸਬ | ਦਿ | ਸ | ਮਾ | sਇ | ਆ | s | s |
| | | | | | | | | | |
| | | | | | | | | | |

**ਅੰਤਰਾ:–**

| | | | | | | | | | |
|---|---|---|---|---|---|---|---|---|---|
| ਮ | ਮ | ਪ | ਧੁ | ਧੁ | ਨ | ਨ | ਸਂ | – | ਸਂ |
| ਲਾ | ਥੀ | ਭੂ | ਖ | ੜ੍ਰਿ | ਸਨ | ਸਭ | ਲਾ | s | ਥੀ |
| ਰੁਂ | ਰੁਂ | ਨ | ਸਂ | ਸਂ | ਨ | ਧੁ | ਪੁ | ਪ | – |
| ਚਿੰ | ਤਾ | ਸਗ | ਲ | ਬਿ | ਸਾ | s | ਰੀ | s | s |
| ਧੁ | ਨ | ਸਂ | ਸਂ | ਸਂ | ਰੁਂ | ਗੁਂ | ਰੁਂ | ਸਂ | – |
| ਕਰੁ | ਮਸ | ਤਕਿ | ਗੁ | ਰਿ | ਪੂ | ਰੈ | ਧਰਿ | ਓ | s |
| ਰੁਂ | ਰੁਂ | ਨਸਂ | ਨਧੁ | ਨ | ਧੁ | – | ਪਮ | ਗੁਰੁ | ਸ |
| ਮਨੁ | ਜੀ | ਤੋ | ਜ | ਗੁ | ਸਾ | s | ਰੀ | s | s |

# ਸ਼ਬਦ ਦੇ ਅਰਥ

## ਗਉੜੀ ਮਾਲਾ ਮਹਲਾ ੫ (੨੧੫)

**ਪਾਇਆ ਲਾਲੁ ਰਤਨੁ ਮਨਿ ਪਾਇਆ॥**

I have found the jewel of my Beloved within my mind.

**ਤਨੁ ਸੀਤਲੁ ਮਨੁ ਸੀਤਲੁ ਥੀਆ ਸਤਿਗੁਰ ਸਬਦਿ ਸਮਾਇਆ॥੧॥ ਰਹਾਉ॥**

My body is cooled, my mind is cooled and soothed, and I am absorbed into the Shabad, the Word of the True Guru. ||1||Pause||

**ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ॥**

My hunger has departed, my thirst has totally departed, and all my anxiety is forgotten.

**ਕਰ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜੁਗ ਸਾਰੀ॥੧॥**

The Perfect Guru has placed His Hand upon my forehead; conquering my mind, I have conquered the whole world. ||1||

**ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ॥**

Satisfied and satiated, I remain steady within my heart, and now, I do not waver at all.

**ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ॥੨॥**

The True Guru has given me the inexhaustible treasure; it never decreases, and never runs out. ||2||

**ਅਚਰਜੁ ਏਕ ਸੁਨਹੁ ਰੇ ਭਾਹੀ ਗੁਰਿ ਐਸੀ ਬੂਝ ਬੁਝਾਈ॥**

Listen to this wonder, O Siblings of Destiny: the Guru has given me this understanding.

**ਲਾਹਿ ਪਰਦਾ ਠਾਕੁਰ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥੩॥**

I threw off the veil of illusion, when I met my Lord and Master; then, I forgot my jealousy of others. ||3||

**ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥**

This is a wonder which cannot be described. They alone know it, who have tasted it.

**ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥੩॥੧੬੧॥**

Says Nanak, the Truth has been revealed to me. The Guru has given me the treasure; I have taken it and enshrined it within my heart.

||4||3||161||

Postal Regd. No. CH/0045/2015-2017 RNI Regd.No. 46788/89 ISSN 0972-2335

# ਪੰਜਾਬ ਦੇ ਘਰਾਣੇ ਤੇ ਭਾਰਤੀ ਸੰਗੀਤ ਪਰੰਪਰਾ


ਬਲਬੀਰ ਸਿੰਘ ਕੰਵਲ

ਗੁਰਭਜਨ ਗਿੱਲ

ਸ. ਬਲਬੀਰ ਸਿੰਘ ਕੰਵਲ ਜੀ ਪੰਜਾਬ ਤੋਂ ਦੂਰ ਬੈਠੇ ਵੀ ਤੀਸਰੇ ਨੇਤਰ ਨੂੰ ਪੰਜਾਬ ਤੇ ਹੀ ਗੱਡੀ ਰੱਖਦੇ ਹਨ। ਏਸੇ ਕਰਕੇ ਪਹਿਲਵਾਨ, ਕਬੱਡੀ ਖਿਡਾਰੀ, ਸੰਗੀਤ ਸਾਧਕ, ਵਾਦਕ ਅਤੇ ਸੰਗੀਤ ਨਾਲ ਸਬੰਧਤ ਵੇਰਵਿਆਂ ਨੂੰ ਉਹ ਆਪਣੀ ਕਲਮ ਹੇਠ ਹਮੇਸ਼ਾ ਸਤਿਕਾਰਯੋਗ ਥਾਂ ਦਿੰਦੇ ਹਨ।

ਇੰਗਲੈਂਡ ਵੱਸਦੇ ਸ. ਬਲਬੀਰ ਸਿੰਘ ਕੰਵਲ ਜੀ ਦਾ ਹਰ ਸਵਾਸ ਇਸ ਚਿੰਤਾ ਤੇ ਚਿੰਤਨ ਵਿੱਚ ਬੀਤ ਰਿਹਾ ਹੈ ਕਿ ਕਿਤੇ ਉਹ ਵਡਮੁੱਲਾ ਖਜ਼ਾਨਾ ਸਾਂਭਣ ਖੁਣੋਂ ਰੁਲ ਨਾ ਜਾਵੇ।

ਪੰਜਾਬ ਦੇ ਸੰਗੀਤ ਘਰਾਣੇ ਉਨ੍ਹਾਂ ਦਾ ਮਨ ਭਾਉਂਦਾ ਵਿਸ਼ਾ ਹੈ। ਪੰਜਾਬੀ ਦੇ ਮਹੱਤਵਪੂਰਨ ਮੈਗਜ਼ੀਨਾਂ ਵਿੱਚ ਲੜੀਵਾਰ ਲੇਖ ਲਿਖਣ ਉਪਰੰਤ ਹੁਣ ਉਨ੍ਹਾਂ ਨੇ ਇਸ ਗਿਆਨ-ਸਮੱਗਰੀ ਨੂੰ ਇੱਕ ਜਿਲਦ ਵਿੱਚ (ਪੰਜਾਬ ਦੇ ਸੰਗੀਤ ਘਰਾਣੇ ਅਤੇ ਭਾਰਤੀ ਸੰਗੀਤ ਪਰੰਪਰਾ) ਸਾਂਭਣ ਤੇ ਪ੍ਰਕਾਸ਼ਨ ਦਾ ਉਪਰਾਲਾ ਕੀਤਾ ਹੈ। ਇਸ ਕਾਰਜ ਲਈ ਵਿਰਾਸਤ ਫਾਉਂਡੇਸ਼ਨ ਸੱਰੀ (ਕੈਨੇਡਾ) ਦਾ ਸਹਿਯੋਗੀ ਹੱਥ ਮਹੱਤਵਪੂਰਨ ਹੈ।

ਪੰਜਾਬ ਨੂੰ ਦੇਸ਼ ਦੀ ਵੰਡ ਤੋਂ ਪਹਿਲਾਂ ਟਕਸਾਲੀ ਸੰਗੀਤ ਪਰੰਪਰਾ ਵਾਲੇ ਅਮੀਰ ਘਰਾਣਿਆਂ ਦੇ ਰੂਪ ਚ ਮੰਨਿਆ ਜਾਂਦਾ ਸੀ । ਪਟਿਆਲਾ ਘਰਾਣਾ, ਤਲਵੰਡੀ ਘਰਾਣਾ, ਸ਼ਾਮ ਚੁਰਾਸੀ ਘਰਾਣਾ, ਤਾਂ ਬੜੇ ਲੋਕ ਜਾਣਦੇ ਹਨ ਪਰ ਇਹ ਘਰਾਣੇ ਵਿਕਸਿਤ ਕਿਵੇਂ ਹੋਏ, ਕਿਹੜੇ ਕਿਹੜੇ ਸੰਗੀਤ ਮਾਰਤੰਡ ਗਾਇਕੀ ਦਾ ਟਕਸਾਲੀਕਰਨ ਕਰਕੇ ਉਸ ਸ਼ਹਿਰ ਜਾਂ ਕਸਬੇ ਨੂੰ ਘਰ ਤੋਂ ਘਰਾਣਾ ਬਣਾਉਂਦੇ ਹਨ, ਇਸ ਨੂੰ ਬੜੀ ਬਾਰੀਕ ਨੀਝ ਨਾਲ ਵਾਚਦਿਆਂ ਕੰਵਲ ਜੀ ਨੇ ਸਾਡੇ ਸਨਮੁੱਖ ਪੇਸ਼ ਕੀਤਾ ਹੈ।

ਮੇਰਾ ਵਿਸ਼ਵਾਸ ਹੈ ਕਿ ਅਸੀਂ ਪੰਜਾਬ ਦੀ ਇਹੋ ਜਿਹੀ ਵਡਮੁੱਲੀ ਲਿਆਕਤ ਨੂੰ ਗੁਰਮੁੱਖੀ ਅੱਖਰਾਂ ਵਿੱਚ ਪ੍ਰਕਾਸ਼ਤ ਕਰਕੇ ਹੀ ਤਸੱਲੀ ਕਰ ਬਹਿੰਦੇ ਹਾਂ ਇੰਝ ਆਪਣੀ ਮਹਿਮਾਂ ਦਾ ਆਪੇ ਗਾਇਨ ਕਰਨ ਨਾਲ ਵਿਸ਼ਾਲ ਦਾਇਰੇ ਵਿੱਚ ਇਹ ਗਿਆਨ ਨਹੀਂ ਪਹੁੰਚਦਾ। ਕੋਸ਼ਿਸ਼ ਕਰੀਏ ਕਿ ਇਹ ਗਿਆਨ ਹਿੰਦੀ ਤੇ ਅੰਗ੍ਰੇਜ਼ੀ ਵਿੱਚ ਵੀ ਛਪੇ। ਬਾਕੀ ਭਾਰਤੀ ਭਾਸ਼ਾਵਾਂ ਵਿੱਚ ਪਹੁੰਚਣ ਦਾ ਇਹੀ ਰਾਹ ਹੈ।

ਸ. ਬਲਬੀਰ ਸਿੰਘ ਕੰਵਲ ਜੀ ਨੇ ਇਹ ਪੁਸਤਕ ਲਿਖ ਕੇ ਕੇਵਲ ਸੰਗੀਤ ਜਗਤ ਨੂੰ ਹੀ ਆਪਣੇ ਮਾਣਮੱਤੇ ਵਿਰਸੇ ਦੇ ਰੂਬਰੂ ਨਹੀਂ ਕੀਤਾ ਸਗੋਂ ਸਮੂਹ ਪੰਜਾਬੀ ਭਾਈਚਾਰੇ ਨੂੰ ਵੀ ਸਬਕ ਦਿੱਤਾ ਹੈ ਕਿ ਕੇਵਲ ਵਿਰਸੇ ਤੇ ਮਾਣ ਨਾਲ ਹੀ ਗੁਜ਼ਾਰਾ ਨਹੀਂ ਹੋਣਾ, ਅੱਗੇ ਤੁਰਨ ਲਈ ਇਹ ਘਰਾਣੇ ਸਾਡੇ ਲਈ ਮੁੱਲਵਾਨ ਪੜੁੱਲ ਬਣ ਸਕਦੇ ਹਨ। ਮੈਂ ਇਸ ਵਡਮੁੱਲੀ ਪੁਸਤਕ ਦੇ ਪ੍ਰਕਾਸ਼ਨ ਲਈ ਸਿੰਘ ਬ੍ਰਦਰਜ਼ ਪ੍ਰਕਾਸ਼ਨ ਘਰ ਨੂੰ ਮੁਬਾਰਕ ਦਿੰਦਾ ਹਾਂ।

ਚੇਅਰਮੈਨ, ਵਿਸ਼ਵ ਪੰਜਾਬੀ ਲੋਕ ਵਿਰਾਸਤ ਅਕਾਦਮੀ, ਲੁਧਿਆਣਾ।